


# ਮਹਿਕ-ਏ-ਵਤਨ
# MehakEwattan
Monthly Newspaper



**Hardev Brar**
Chief Editor

• Vol-II • Issue-4 • Phone : +64,274-427-338 +64 09 3900004 • mehakewattan@gmail.com • April 2024



10 ਤਰੱਕੀ ਦੇ ਮੌਕੇ ਸਭ ਨੂੰ ਕਿਉਂ ਨਹੀਂ ਮਿਲਦੇ ?




13 ਹਾਕਸ ਬੇਅ 'ਚ ਰਗਬੀ ਮੈਚ ਤੋਂ ਬਾਅਦ ਚੱਲੀਆਂ ਗੋਲੀਆਂ



16 ਸਬਜੀਆਂ ਬਣਾਉਣ ਦੇ ਢੰਗ



19 ਬੌਡੀ ਦੀ ਦੇਖਭਾਲ








## ਵਿਸਾਖੀ ਨੂੰ ਸਮਰਪਿਤ 29ਵਾਂ ਸਾਲਾਨਾ ਨਗਰ ਕੀਰਤਨ ਹੋਇਆ ਸੁਸ਼ੋਭਿਤ





ਆਕਲੈਂਡ

ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦੇਵ ਜੀ ਉਟਾਹੂਹੂ ਵਿਖੇ ਵਿਸਾਖੀ ਨੂੰ ਸਮਰਪਿਤ 29ਵਾਂ ਸਲਾਨਾ ਨਗਰ ਕੀਰਤਨ ਸਜਾਇਆ ਗਿਆ ਸੀ। 1996 ਤੋਂ ਸ਼ੁਰੂ ਕੀਤੇ ਪਹਿਲੇ ਨਗਰ ਕੀਰਤਨ ਤੋਂ ਬਾਅਦ ਲਗਾਤਾਰ ਹਰ ਸਾਲ ਉਟਾਹੂਹੂ ਵਿਖੇ ਨਗਰ ਕੀਰਤਨ ਸਜਾਇਆ ਜਾਂਦਾ ਰਿਹਾ ਹੈ।

ਇਸ ਵਾਰ ਦੇ ਨਗਰ ਕੀਰਤਨ ਵਿੱਚ ਸੰਗਤਾਂ ਦਾ ਵਿਸ਼ਾਲ ਠਾਠਾਂ ਮਾਰਦਾ ਇੱਕਠ ਉਟਾਹੂਹੂ ਦੀਆਂ ਸੜਕਾਂ 'ਤੇ ਦੇਖਣ ਨੂੰ ਮਿਲਿਆ ਤੇ ਸਾਰਾ ਉਟਾਹੂਹੂ ਹੀ ਖਾਲਸਾਈ ਰੰਗ ਵਿੱਚ ਰੰਗਿਆ ਦਿਖਿਆ।

ਸੈਂਕੜੇ ਦੀ ਗਿਣਤੀ ਵਿੱਚ ਸੰਗਤਾਂ ਨਿਊਜੀਲੈਂਡ ਦੇ ਦੂਰ-ਦੁਰਾਡੇ ਦੇ ਇਲਾਕਿਆਂ ਤੋਂ ਇੱਥੇ ਪੁੱਜੀਆਂ ਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਇਸ ਨਗਰ ਕੀਰਤਨ ਵਿੱਚ ਵਿਸ਼ੇਸ਼ ਤੌਰ 'ਤੇ ਕਵੀਸ਼ਰੀ ਜੱਥਾ ਭਾਈ ਗੁਰਮੁਖ ਸਿੰਘ ਜੀ ਐਮ ਏ, ਢਾਡੀ ਜੱਥਾ ਭਾਈ ਹਰਮਨਜੀਤ ਸਿੰਘ ਜੀ ਫਤਹਿਗੜ੍ਹ ਸਾਹਿਬ ਵਾਲੇ, ਕਥਾਕਾਰ ਭਾਈ ਸੁਖਬੀਰ ਸਿੰਘ ਜੀ ਕੱਲਾ ਨੇ ਵੀ ਇੰਡੀਆ ਤੋਂ ਪੁੱਜਕੇ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਦਿੱਤੀਆਂ।

ਸੰਗਤਾਂ ਨੂੰ ਦੱਸਦੀਏ ਕਿ ਨਿਊਜੀਲੈਂਡ ਦੇ ਪਹਿਲੇ ਹਮਿਲਟਨ ਸਥਿਤ ਗੁਰੂਘਰ ਵਿਖੇ ਨਿਊਜੀਲੈਂਡ ਦੇ ਸਾਰੇ ਗੁਰੂਘਰਾਂ ਵਲੋਂ ਸਾਂਝੇ ਰੂਪ ਵਿੱਚ ਵਿਸਾਖੀ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ ਹਨ, ਜਿਨ੍ਹਾਂ ਤਹਿਤ ਧਾਰਮਿਕ ਸਮਾਗਮਾਂ ਦੇ ਨਾਲ-ਨਾਲ ਵੱਖੋ-ਵੱਖ ਖੇਡਾਂ ਵੀ ਕਰਵਾਈਆਂ ਜਾਣਗੀਆਂ।

## ਨਿਊਜ਼ੀਲੈਂਡ ਨੇ AEWV ਵੀਜਾ ਸ਼੍ਰੇਣੀ ਸਕੀਮ 'ਚ ਕੀਤੇ ਗਏ ਵੱਡੇ ਬਦਲਾਅ

ਆਕਲੈਂਡ- ਨਿਊਜ਼ੀਲੈਂਡ ਸਰਕਾਰ ਨੇ ਮਾਨਤਾ ਪ੍ਰਾਪਤ ਰੁਜ਼ਗਾਰਦਾਤਾ ਵਰਕਰ ਵੀਜ਼ਾ ਸਕੀਮ ਵਿੱਚ ਤੁਰੰਤ ਬਦਲਾਅ ਕਰਨ ਦਾ ਫੈਸਲਾ ਕੀਤਾ ਹੈ, ਸਰਕਾਰ ਦਾ ਕਹਿਣਾ ਹੈ ਕਿ ਇਹ ਪ੍ਰਵਾਸੀਆਂ ਨੂੰ ਸ਼ੋਸ਼ਣ ਤੋਂ ਬਚਾਉਣ ਅਤੇ ਅਸਥਾਈ ਸ਼ੁੱਧ ਪਰਵਾਸ ਨੂੰ ਹੱਲ ਕਰਨ ਵਿੱਚ ਮਦਦ ਕਰੇਗਾ। ਐਤਵਾਰ ਨੂੰ ਇਮੀਗ੍ਰੇਸ਼ਨ ਮੰਤਰੀ ਐਰੀਕਾ ਸਟੇਨਫੋਰਡ ਨੇ ਐਕਰੀਡੇਟਡ ਇਮਪਲਾਇਰ ਵੀਜਾ ਸ਼੍ਰੇਣੀ (Aewv) ਸਬੰਧੀ ਕਈ ਵੱਡੇ ਬਦਲਾਵਾਂ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਬਦਲਾਵਾਂ ਦਾ ਸਿੱਧਾ ਅਸਰ ਵੀ ਪ੍ਰਵਾਸੀ ਕਰਮਚਾਰੀਆਂ 'ਤੇ ਪਏਗਾ। ਦੱਸ ਦੇਈਏ ਕਿ ਇਹ ਬਦਲਾਅ ਪ੍ਰਵਾਸੀ ਕਰਮਚਾਰੀਆਂ ਦੀ ਲੁੱਟ-ਖਸੁੱਟ ਰੋਕਣ 'ਚ ਜਿੱਥੇ ਸਹਾਈ ਹੋਣਗੇ ਉੱਥੇ ਹੀ ਹੁਣ ਸਿਰਫ ਲੋੜੀਂਦੇ ਪ੍ਰਵਾਸੀ ਕਰਮਚਾਰੀ ਹੀ ਦੇਸ਼ 'ਚ ਦਾਖਿਲ ਹੋ ਸਕਣਗੇ।

ਨਵੇਂ ਬਦਲਾਵਾਂ ਦੇ ਤਹਿਤ ਹੁਣ ਲੋਅ ਸਕਿਲਡ ਲੇਵਲ 4-5 ਵਾਲਿਆਂ ਲਈ ਆਈਲੈਟਸ ਕਰਨੀ ਲਾਜਮੀ ਕਰ ਦਿੱਤੀ ਗਈ ਹੈ। Aewv ਸ਼੍ਰੇਣੀ ਤਹਿਤ ਅਪਲਾਈ ਕਰਨ ਲਈ ਘੱਟੋ-ਘੱਟ ਐਕਸਪੀਰੀਅੰਸ ਤੇ ਪੜ੍ਹਾਈ ਲਾਜਮੀ ਕਰ ਦਿੱਤੀ ਗਈ ਹੈ। ਲੇਵਲ 4 ਤੇ 5 ਤਹਿਤ ਆਉਂਦੇ ਕਰਮਚਾਰੀਆਂ ਨੂੰ ਨਿਊਜੀਲੈਂਡ ਬੁਲਾਉਣ ਲਈ




ਇਮਪਲਾਇਰ ਨੂੰ ਵਰਕ ਐਂਡ ਇਨਕਮ ਵਿੱਚ ਸੰਬੰਧ ਸਥਾਪਿਤ ਕਰਨਾ ਲਾਜਮੀ ਹੋਵੇਗਾ। ਲੇਵਲ 4 ਤੇ 5 ਵਾਲਿਆਂ ਲਈ ਨਿਊਜੀਲੈਂਡ ਵਿੱਚ ਵੱਧ ਤੋਂ ਵੱਧ ਸਟੇਅ ਨੂੰ 5 ਸਾਲ ਤੋਂ ਘਟਾਕੇ 3 ਸਾਲ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਹੁਣ ਫ੍ਰੈਂਚਾਈਜ਼ੀ ਕੈਟੇਗਰੀ ਨੂੰ ਖਤਮ ਕਰ ਦਿੱਤਾ ਗਿਆ ਹੈ ਤੇ ਪ੍ਰਵਾਸੀ ਕਰਮਚਾਰੀ ਨੂੰ ਬੁਲਾਉਣ ਲਈ ਸਟੈਂਡਰਡ, ਹਾਈ ਵੋਲੀਊਮ ਜਾਂ ਟ੍ਰਾਂਇੰਗੁਲਰ ਇਮਪਲਾਇਰ ਐਕਰੀਡੇਸ਼ਨ ਦਾ ਰਾਹ ਅਪਨਾਉਣਾ ਪਏਗਾ। ਇਸਦੇ ਨਾਲ ਸਰਕਾਰ ਨੇ ਵੈਲਡਰ, ਫਿੱਟਰ ਜਿਹੇ 11 ਰੋਲਜ਼ ਨੂੰ ਗਰੀਨ ਲਿਸਟ ਵਿੱਚ ਨਾ ਪਾਉਣ ਦਾ ਵੀ ਫੈਸਲਾ ਲਿਆ ਹੈ।


Rubal Singh

Ray White




No. 1
RAY WHITE MANUKAU
2020-2021

Rubal Singh
021 333 350
rubal.singh@raywhite.com

www.rubalsingh.co.nz

Ray White Manukau | AT Realty Limited Licensed (REAA 2008)

NEED OF BRIDAL

**Jatt Sikh Brar Boy**, 29 Year old, Height - 6"
Qualification - B.com From Auckland University (NZ)
Working as Accountent in Auckland. Annual Income (Salary 90K plus), Citizen - New Zealand, Rural and Urban land
(Need a Beautiful and Well-Educated Punjabi Girl, height 5"5 hove, age above 26 years.
Prioritize these District Moga, Bathinda, Barnala, Faridkot, Muktsar Sahib
**For more Information:**
**( +64274427338 or +64222786226)**

**ਕੰਨਿਆ ਦੀ ਲੋੜ**

ਜੱਟ ਸਿੱਖ ਬਰਾੜ (ਮੁੰਡਾ) ਉਮਰ 29 ਸਾਲ ਕੱਦ 6" ਫੁੱਟ
ਪੜ੍ਹਾਈ – B.com From Auckland University (NZ)
ਕੰਮਕਾਰ – ਆਕਲੈਂਡ ਵਿੱਚ ਅਕਾਊਂਟਟੈਂਟ
ਸਲਾਨਾ ਆਮਦਨ ( 90K plus)
ਨਿਊਂਜੀਲੈਡ ਦਾ ਪੱਕਾ ਨਾਗਰਿਕ
ਪੇਂਡੂ ਅਤੇ ਸ਼ਹਿਰੀ ਜਮੀਨ-ਜਾਇਦਾਦ
(ਇੱਕ ਸੁੰਦਰ ਅਤੇ ਪੜ੍ਹੀ-ਲਿਖੀ ਕੁੜੀ ਦੀ ਜਰੂਰਤ ਹੈ ਕੱਦ 5" 5 ਤੱਕ ਹੋਵੇ ਉਮਰ 26 ਸਾਲ ਜਾਂ ਉੱਪਰ ਹੋਵੇ ਇਹਨਾਂ ਜਿਲ੍ਹਿਆਂ ਨੂੰ ਪਹਿਲ ਮੋਗਾ ਬਠਿੰਡਾ ਬਰਨਾਲਾ ਫਰੀਦਕੋਟ ਮੁਕਤਸਰ ਸਾਹਿਬ
ਵਧੇਰੇ ਜਾਣਕਾਰੀ ਤੁਸੀ ਇਹਨਾਂ ਨੰਬਰਾਂ ਤੇ ( +64274427338 or +64222786226 ) ਸੰਪਰਕ ਕਰ ਸਕਦੇ ਹੋ।



MPS Surgery Ltd

**Services Provided:**
* Adult and child Medical Care
* Minor Accident Care
* Minor Surgery
* Repeat Prescriptions
* Lab results
* Liquid Nitrogen
* Immunisation
* Cervical Screening
* ECG
* Travel Advice/Immunisations
* Well Child/Tamariki Oral Health Checks - Birth to Three Years,
* Immigration Medicals for New Zealand.

General Practitioner - Dr. Mohinder Pal Singh
ਤੁਹਾਡੀ ਆਪਣੀ ਭਾਸ਼ਾ ਬੋਲਣ ਵਾਲੇ ਡਾਕਟਰ

44 Mason Avenue Otahuhu, Auckland 1062
Open : Monday - Friday
09:00 AM - 5:30 PM
(Last appointment of the day is taken half an hour before closing time.)
Phone No. : (09) 276 7111
Email Id: admin@mpssurgery.co.nz

# 11 ਮਈ ਨੂੰ ਨਿਊਜ਼ੀਲੈਂਡ ’ਚ ਸੂਫੀ ਗਾਇਕ ਸਤਿੰਦਰ ਸਰਤਾਜ ਲਾਉਣਗੇ ਰੌਣਕਾਂ

ਆਕਲੈਂਡ – ਦੁਨੀਆ ਭਰ ’ਚ ਆਪਣੇ ਗੀਤਾਂ ਰਾਹੀਂ ਸੱਭਿਆਚਾਰ ਦਾ ਰੰਗ ਫੈਲਾਉਣ ਵਾਲੇ ਸੂਫੀ ਗਾਇਕ ਯਾਨੀ ਕਿ ਸਤਿੰਦਰ ਸਰਤਾਜ ਹੁਣ ਨਿਊਜ਼ੀਲੈਂਡ ‘ਚ ਰੌਣਕਾਂ ਲਾਉਣ ਲਈ ਤਿਆਰ ਹਨ। ਸਤਿੰਦਰ ਸਰਤਾਜ ਇਸ ਸਾਲ ਮਈ ਮਹੀਨੇ ‘ਚ ਸ਼ੋਅ ਲਾਉਣ ਲਈ ਨਿਊਜ਼ੀਲੈਂਡ ਪਹੁੰਚ ਰਹੇ ਹਨ।ਆਕਲੈਂਡ ਵਾਸੀਆਂ ਵਿੱਚ ਸੂਫੀ ਗਾਇਕ ਸਤਿੰਦਰ ਸਰਤਾਜ ਜੀ ਦੇ ਸ਼ੋਅ ਨੂੰ ਲੈ ਕੇ ਭਾਰੀ ਉਤਸ਼ਾਹ ਦੇਖਿਆ ਜਾ ਰਿਹਾ ਹੈ। ਦਰਸ਼ਕਾਂ ਵੱਲੋਂ ਪੋਸਟਰ ਨੂੰ ਬਹੁਤ ਪਸੰਦ ਕੀਤਾ ਗਿਆ। ਦੱਸ ਦੇਈਏ ਕਿ ਸਤਿੰਦਰ ਸਰਤਾਜ ਦਾ ਇਹ ਸ਼ੋਅ iFrdaus Produciton In Assoicaiton ਅਤੇ ਰੇਡੀਓ ਸਾਡੇ ਆਲਾ ਦੀ ਪੇਸ਼ਕਸ਼ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਸ਼ੋਅ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ।

ਦੱਸ ਦੇਈਏ ਕਿ ਸਤਿੰਦਰ ਸਰਤਾਜ ਦਾ ਸ਼ੋਅ 11 ਮਈ ਨੂੰ ਸ਼ਾਮ 7 ਵਜੇ Trust Arena Auckland ਵਿਖੇ ਹੋਵੇਗਾ ਤੇ ਇਸ ਸ਼ੋਅ ਦੀਆਂ ਟਿਕਟਾਂ ਵੀ ਮਿਲਣੀਆਂ ਸ਼ੁਰੂ ਹੋ ਗਈਆਂ ਹਨ ਤੇ ਉਹ ਵੀ ਵਾਜਬ ਰੇਟਾਂ ‘ਤੇ। ਟਿਕਟਾਂ ਦੇ ਲਈ ਤੁਸੀ ਪੋਸਟਰ ਉੱਪਰ ਦਿੱਤੇ ਗਏ ਬਾਰ ਕੋਡ ਨੂੰ ਵੀ ਸਕੈਨ ਕਰ ਸਕਦੇ ਹੋ। ਟਿਕਟਾਂ ਅਤੇ sponsorsihp ਸਬੰਧੀ ਜਿਆਦਾ ਜਾਣਕਾਰੀ ਲਈ ਤੁਸੀ 64 21 865 117 ਤੇ WWW.SATINDERSARTAAJ.COM ‘ਤੇ ਸੰਪਰਕ ਕਰ ਸਕਦੇ ਹੋ। ਜਿਸ ਦੀ ਜਾਣਕਾਰੀ ਤੁਸੀ ਰੇਡੀਓ ਸਾਡੇ ਆਲਾ ਦੇ ਫੇਸਬੁੱਕ ਪੇਜ ਤੋਂ ਵੀ ਲੈ ਸਕਦੇ ਹੋ। ਇਸ ਵਿੱਚ ਮੀਡੀਆ ਪਾਟਨਰ ਰੇਡੀਓ ਸਾਲਾ ਆਲਾ, ਐੱਨ ਜੈੱਡ ਪੰਜਾਬੀ ਨਿਊਜ, ਮਹਿਕ ਏ ਵਤਨ, ਦ ਇੰਡੀਅਨ ਵੀਕਏਂਡਰ, HUMM ਸ਼ਾਮਿਲ ਹਨ।

ਸ਼ਾਮ 5 ਵਜੇ ਰੇਡੀਓ ਸਾਡੇ ਆਲਾ ਵੱਲੋਂ ਸਤਿੰਦਰ ਸਰਤਾਜ ਜੀ ਦਾ ਪੋਸਟਰ ਰਿਲਿਜ਼ ਕੀਤਾ ਗਿਆ, ਜਿਸ ਵਿੱਚ ਪ੍ਰਮੁੱਖ ਸਖਸ਼ੀਅਤਾਂ ਸੁਪਰੀਮ ਸਿੱਖ ਸੁਸਾਇਟੀ ਦੇ ਬੁਲਾਰੇ ਸਰਦਾਰ ਦਲਜੀਤ ਸਿੰਘ , ਮਨਜਿੰਦਰ ਸਿੰਘ ਬਾਸੀ, ਰੇਡੀਓ ਸਾਡਾ ਆਲਾ ਦੇ ਪ੍ਰਬੰਧਕ ਗੁਰਪ੍ਰੀਤ ਸਿੰਘ, ਮਾਲਵਾ ਕਲੱਬ ਤੇ ਜਗਦੀਪ ਸਿੰਘ ਵੜੈਚ , ਪ੍ਰਿੰਟ ਜੋਨ ਵੱਲੋਂ ਜੀਤ ਸਿੰਘ, ਰੇਡੀਓ ਜਜਬਾ ਤੋਂ ਨਾਸਰ ਖਾਨ, ਮਹਿਕ ਏ ਵਤਨ ਹਰਦੇਵ ਬਰਾੜ , ਕਬੱਡੀ ਫੰਡਰੇਸ਼ਨ ਤੋਂ ਪਰਮਜੀਤ ਬੋਲੀਨਾ ਅਤੇ ਹੋਰ ਵੀ ਸਪਾਂਸਰ ਸਾਥੀ ਮੌਜੂਦ ਸਨ।

ਪੋਸਟਰ ਰਿਲਿਜ਼ ਨੂੰ ਲੈ ਕੇ ਪੁਹੰਚੇ ਹੋਏ ਸਰੋਤਿਆਂ ਨੇ ਆਪਣੇ ਆਪਣੇ ਵਿਚਾਰ ਵੀ ਸਾਂਝੇ ਕੀਤੇ।





Chill Out
INDIAN RESTAURANT & BAR
Takeaway Menu
OPEN 7 DAYS
SUN-MON : 11AM - 10:30PM
CHILL OUT SPECIAL
ANY CHICKEN / VEG CURRY + RICE + NAAN
$15.99
TAKEAWAY ONLY
COMBO MEAL DEAL
ANY CURRY + RICE + NAAN + DRINK CAN
$21.99
TAKEAWAY ONLY
(Including Lamb, Goat & Seafood)
Available on DOORDASH Uber Eats FOOD HUB Order Meal
09 845 6936
Shop 12, 945 A, New North Road,
Mt. Albert, Auckland - 1025
chilloutindianbar@gmail.com
www.chilloutindian.co.nz
www.chilloutindianrestaurandbar.co.nz


# ਨਿਊਜ਼ੀਲੈਂਡ ਦੀ ਹਵਾਈ ਸੈਨਾ ਹੋਵੇਗੀ ਹੋਰ ਮਜਬੂਤ



ਨਿਊਜ਼ੀਲੈਂਡ ਦੀ ਹਵਾਈ ਸੈਨਾ ਨੂੰ ਜਲਦ ਇੱਕ ਨਵਾਂ ਤੋਹਫ਼ਾ ਮਿਲਣ ਜਾ ਰਿਹਾ ਹੈ। ਦਰਅਸਲ ਸੰਯੁਕਤ ਰਾਜ ਵਿੱਚ ਬਣੇ ਪਹਿਲੇ ਨਿਊਜ਼ੀਲੈਂਡ C-130J ਹਰਕੂਲਸ ਨੇ ਆਪਣੀ ਪਹਿਲੀ ਟੈਸਟ ਉਡਾਣ ਪੂਰੀ ਕਰ ਲਈ ਹੈ। ਇਸ 40 ਮੀਟਰ ਦੇ ਖੰਭਾਂ ਵਾਲੇ ਜਹਾਜ਼ ਨੇ ਅਮਰੀਕਾ ਦੇ ਜਾਰਜੀਆ ਅਤੇ ਅਲਾਬਾਮਾ ਰਾਜਾਂ ਵਿੱਚ ਤਿੰਨ ਘੰਟੇ ਤੋਂ ਵੱਧ ਸਮੇਂ ਤੱਕ ਅਸਮਾਨ ਵਿੱਚ ਉਡਾਣ ਭਰੀ ਹੈ। ਟੈਸਟ ਉਡਾਣ ਦੌਰਾਨ ਇਸ ਜਹਾਜ਼ ਨੇ 3200 ਮੀਟਰ ਦੀ ਉਚਾਈ ਤੱਕ ਪਹੁੰਚ ਕੇ ਲਗਭਗ 1000 ਕਿਲੋਮੀਟਰ ਦੀ ਉਡਾਣ ਭਰੀ ਹੈ। ਦੇਸ਼ ਦੇ ਮੌਜੂਦਾ ਫਲੀਟ ਨੂੰ ਬਦਲਣ ਲਈ 2020 ਵਿੱਚ ਸਰਕਾਰ ਦੁਆਰਾ ਹਸਤਾਖਰ ਕੀਤੇ $1.5b ਸੌਦੇ ਦੇ ਹਿੱਸੇ ਵਜੋਂ ਪੰਜ ਨਵੇਂ ਜਹਾਜ਼ ਇਸ ਸਾਲ ਦੇ ਅੰਤ ਵਿੱਚ ਡਿਲੀਵਰੀ ਲਈ ਟ੍ਰੈਕ ‘ਤੇ ਤਿਆਰ ਹਨ।

ਰੱਖਿਆ ਮੰਤਰੀ ਜੂਡਿਥ ਕੋਲਿਨਜ਼ ਨੇ ਕਿਹਾ ਕਿ “ਇਹ ਬਹੁਮੁਖੀ, ਸ਼ਕਤੀਸ਼ਾਲੀ ਅਤੇ ਭਰੋਸੇਮੰਦ ਹੈ ਜੋ ਕਿ ਨਿਊਜ਼ੀਲੈਂਡ ਡਿਫੈਂਸ ਫੋਰਸ ਦੇ ਸਖ਼ਤ ਮਿਹਨਤੀ ਪੁਰਸ਼ਾਂ ਅਤੇ ਔਰਤਾਂ ਨੂੰ ਅਕਸਰ ਮੁਸ਼ਕਿਲ ਹਾਲਾਤਾਂ ਵਿੱਚ ਆਪਣੇ ਚੁਣੌਤੀਪੂਰਨ ਕੰਮ ਲਈ ਲੋੜੀਂਦਾ ਹੈ।‘ਮੌਜੂਦਾ ਫਲੀਟ 50 ਸਾਲਾਂ ਤੋਂ ਵੱਧ ਸਮੇਂ ਤੋਂ ਪ੍ਰਤੀਕਿਰਿਆ ਦੀ ਇੱਕ ‘ਜ਼ਰੂਰੀ’ ਪਹਿਲੀ ਲਾਈਨ ਰਹੀ ਹੈ, ਜਿਸ ਵਿੱਚ ਫੌਜਾਂ, ਸਾਜ਼ੋ-ਸਾਮਾਨ ਅਤੇ ਜੀਵਨ ਬਚਾਉਣ ਵਾਲੀ ਸਹਾਇਤਾ ਹੁੰਦੀ ਹੈ। ਏਅਰ ਵਾਈਸ-ਮਾਰਸ਼ਲ ਡੈਰੀਨ ਵੈਬ ਨੇ ਕਿਹਾ ਕਿ “ਇਹ ਨਵੇਂ ਜਹਾਜ਼ ਸਾਨੂੰ ਆਧੁਨਿਕ ਹਵਾਈ ਸੈਨਾ ਨੂੰ ਲੜਾਕੂ-ਸਮਰੱਥ, ਤੈਨਾਤ ਅਤੇ ਟਿਕਾਊ ਵਜੋਂ ਸਨਮਾਨਿਤ ਕਰਨ ਵੱਲ ਇੱਕ ਹੋਰ ਕਦਮ ਹਨ।

ਨਵਾਂ ਫਲੀਟ RNZAF ਬੇਸ ਆਕਲੈਂਡ ‘ਤੇ ਅਧਾਰਿਤ ਹੋਵੇਗਾ ਅਤੇ ਰਾਇਲ ਨਿਊਜ਼ੀਲੈਂਡ ਏਅਰ ਫੋਰਸ ਦੇ ਨੰਬਰ 40 ਸਕੁਐਡਰਨ ਦੁਆਰਾ ਸੰਚਾਲਿਤ ਹੋਵੇਗਾ। ਇਹ ਜਹਾਜ਼ ਵੱਧ ਤੋਂ ਵੱਧ 21 ਟਨ ਭਾਰ ਚੁੱਕ ਸਕਦਾ ਹੈ।

# RAAG DARBAR

**ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥**

ਖਾਲਸਾ ਸਾਜਨਾ ਦਿਵਸ ਦੇ ਪਾਵਨ ਪਵਿੱਤਰ ਦਿਹਾੜੇ ਅਤੇ 1978 ਦੇ ਸਮੂੰਹ ਸ਼ਹੀਦਾਂ ਦੀ ਯਾਦ ਨੂੰ ਮੁੱਖ ਰੱਖਦੇ ਹੋਏ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਲੌਕਿਕ ਰਾਗ ਦਰਬਾਰ ਕੀਰਤਨ ਮਰਿਯਾਦਾ ਅਨੁਸਾਰ ਸ਼ਾਮ ਦੇ ਰਾਗਾਂ ਦਾ ਕੀਰਤਨ ਗਾਇਨ ਕੀਤਾ ਜਾਵੇਗਾ।

**GURDWARA SRI KALGIDHAR SAHIB, TAKANINI**

**13 APRIL 2024 FROM 6:30PM TO 9PM**



ਰਾਗ ਸੰਖੇਪ
ਭਾਈ ਮਨਜੀਤ ਸਿੰਘ



ਰਾਗ ਕਲਿਆਣ
ਭਾਈ ਗੁਰਸ਼ਰਨ ਸਿੰਘ



ਰਾਗ ਸ੍ਰੀ
ਰਾਗ ਬਸੰਤ
ਬਾਈ ਬਲਕਾਰ ਸਿੰਘ ਬੀਰ



ਰਾਗ ਤੁਖਾਰੀ
ਰਾਗ ਕਾਨੜਾ
ਭਾਈ ਰਣਜੀਤ ਸਿੰਘ



ਰਾਗ ਸੋਰਠ
ਰਾਗ ਜੈਤਸਰੀ
ਭਾਈ ਬਚਿੱਤਰ ਸਿੰਘ ਅਨਮੋਲ



ਸਰੋਦ ਵਾਦਨ
ਭਾਈ ਜੈਤਾ ਸਿੰਘ



ਰਾਗ ਧਨਾਸਰੀ
ਰਾਗ ਮਲਹਾਰ
ਬੀਬੀ ਦਲਜੀਤ ਕੌਰ



ਰਾਗ ਜੈਜਾਵੰਤੀ
ਰਾਗ ਕੇਦਾਰਾ
ਭਾਈ ਦੀਪ ਸਿੰਘ

Daljit Singh
+64 21 803 512

Gurinderjeet Singh
+64 21 208 2095

Email: supremesikhsocietynz@gmail.com
Web: www.supremesikhsociety.co.nz

**SUPREME SIKH SOCIETY OF NEW ZEALAND**
**70 TAKANINI SCHOOL ROAD, TAKANINI**

Mehak E wattan

Monthly Newspaper

•Issue-4 • April 2024
•mehakewattan@gmail.com

**Mehak-E-Wattan Team**

**Chief Editor:**
**Hardev Singh Brar**
+64274427338
+64093900004
mehakewattan@gmail.com

**Associate Editor:**
**Jaswinder Kaur Brar**
+64212558338
brarnz@gmail.com

**All Representatives :**
**Gurdeep Singh (Kala Brar)**
+64222786226
kalabrar@gmail.com

**Hardev Mahinangal**
+00642102612568

**Jatinder Brar (Australia)**
+61421370020
jatinderjitbrar@yahoo.com.au

**Sukhkiran Gill. (U.S.A)**
+1 4803492641

**Jasvir. Singh Dhillon. (Germany)**
+491776742031

**Manjit Gill (CANADA)**
+1 4166691379

**Editor from India:**
**Jatinder Panjtoori**
+91 9914109949
Jatindernz@hotmail.com

**Designer & Reporter from Punjab, India:**
**Jaspreet Kaur, Barnala**

**Disclaimer**
Mehak-E-Wattan, LLC is not responsible for any claims made by advertisers nor does it endorse any product or services advertised in the paper. For concerns or questions related to these advertisements, please contact the business directly.

Mehak-E-Wattan, LLC also does not endorse any views presented by volunteer writers. Those views are solely of the author and bear no indication to the views of Mehak-E-Wattan.

**For sale inquiries:**
mehakewattan@gmail.com

**For additional inquires/comments:**
mehakewattan@gmail.com

## ਜੀਵਨ ਇਤਿਹਾਸ

# ਅਕਾਲੀ ਫੂਲਾ ਸਿੰਘ

**ਲੇਖਕ: ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**

-------------------------

**(ਪਿਛਲੇ ਅੰਕ ਤੋਂ ਅੱਗੇ)**

ਸਿੰਘਾਂ ਉੱਤੋਂ ਹੋਰ ਜ਼ੋਰ ਮਾਰਿਆ ਤਾਂ ਪੂਰੀ ਭਾਜੜ ਪੈ ਗਈ। ਖ਼ਾਲਸੇ ਨੇ ਨੱਸਦਿਆਂ ਦਾ ਦੂਰ ਤੱਕ ਪਿੱਛਾ ਕੀਤਾ ਤੇ ਹਜ਼ਾਰਾਂ ਨੂੰ ਤਲਵਾਰ ਦੀ ਧਾਰ ਤੋਂ ਪਾਰ ਉਤਾਰਿਆ। ਇਸ ਸਾਰੀ ਲੜਾਈ ਵਿਚ 12 ਹਜ਼ਾਰ ਤੋ ਵੱਧ ਮੁਸਲਮਾਨ ਸਣੇ ਨਵਾਬ ਮੁਜ਼ੱਫਰ ਖ਼ਾਨ ਤੇ ਉਸ ਦੇ ਪੰਜ ਪੁੱਤ੍ਰਾਂ ਤੇ ਕਤਲ ਹੋਏ[1]।

ਨਵਾਬ ਮੁਜ਼ੱਫਰ ਖ਼ਾਨ ਦੀ ਕਬਰ ਬਾਵਲ ਹੱਕ ਦੀ ਖ਼ਾਨਗਾਹ ਦੀ ਡਿਉਢੀ ਵਿੱਚ ਦਰਵਾਜ਼ੇ ਦੇ ਸਾਹਮਣੇ ਹੈ, ਜਿਸ ਉੱਤੇ ਲਿਖੇ ਸ਼ੇਅਰ ਫ਼ਾਰਸੀ ਵਿੱਚ ਲਿਖੇ ਹੋਏ ਹਨ, ਜਿਨ੍ਹਾਂ ਤੋਂ ਨਵਾਬ ਦੀ ਮੌਤ ਦਾ ਸੰਨ ਸਾਲ ਨਿਕਲਦਾ ਹੈ:-

ਸ਼ੁਜਾ ਵ ਇਬਨਲ ਸ਼ੁਜਾ ਵ ਹਾਜ਼ੀ,
ਅਮੀਰੇ ਮੁਲਤਾਨ ਜ਼ਹ ਮੁਜ਼ੱਫਰ।
ਬਰੌਜੇ ਮੈਦਾਨ ਬ ਤੇਗੋ ਬਾਜ਼ੂ,
ਚੇ ਹਮਲਾ ਆਵਰ ਚੂੰ ਗ਼ਜ਼ਨਫਰ।
ਚੂੰ ਸੁਰਖ਼ਰੂ ਸ਼ੁਦ ਬਸੂਏ ਜੰਨਤ,
ਬੇਗ਼ਫ਼ਤ ਰਦਵਾ ਬੀਆ ਮੁਜ਼ੱਫਰ।

(1233 ਹਿਜਰੀ)



ਭਾਵ-(ਨਵਾਬ) ਹਾਜੀ ਮੁਜ਼ੱਫਰ (ਖ਼ਾਨ) ਅਮੀਰ ਮੁਲਤਾਨ ਬੜਾ ਹੀ ਬਹਾਦਰ ਤੇ ਬਹਾਦਰ[2] ਦਾ ਪੁੱਤ੍ਰ ਸੀ, ਮੈਦਾਨ ਜੰਗ ਵਿੱਚ ਤਲਵਾਰ ਹੱਥ ਵਿੱਚ ਲੈ ਕੇ ਸ਼ੇਰ ਬੱਬਰ ਦੀ ਤਰ੍ਹਾਂ ਹਮਲਾ ਆਵਰ ਹੋਇਆ, (ਸ਼ਹੀਦ ਹੋਕੇ) ਜਦ ਜੰਨਤ ਵੱਲ ਗਿਆ, ਤਾਂ (ਅੱਗੋਂ) ਜਨਤ ਦੀਆਂ (ਹੂਰਾਂ) ਨੇ ਜੀ ਆਇਆਂ ਨੂੰ ਕਿਹਾ।

ਇਸੇ ਤਰ੍ਹਾਂ ਨਵਾਬ ਦਾ ਵੱਡਾ ਪੁਤ੍ਰ ਸ਼ਾਹ ਸਾਮ ਸਿੰਘ ਨਿਵਾਜ਼ ਖ਼ਾਨ ਜੋ ਸਰਦਾਰ ਅਟਾਰੀ ਵਾਲੇ ਨਾਲ ਹੱਥੋ-ਹੱਥ ਟਾਕਰਾ ਕਰਦਾ ਹੋਇਆ ਸਰਦਾਰ ਦੀ ਤਲਵਾਰ ਨਾਲ ਮੋਇਆ ਸੀ, ਇਸੇ ਡਿਉਢੀ ਦੇ ਬਾਹਰ ਪੂਰਬ ਵੱਲ ਸੱਜੇ ਹੱਥ ਇੱਕ ਸੋਹਣੀ ਕਬਰ ਵਿਚ ਦੱਬਿਆ ਹੋਇਆ ਹੈ, ਇਸ ’ਤੇ ਇਹ ਕੁਤਬਾ ਹੈ-

ਚੂੰ ਸ਼ਾਹ ਨਿਵਾਜ ਖ਼ਾਨ ਬ ਮੁਲਤਾਨ ਸ਼ਹੀਦ ਸ਼ੁਦ।
ਖ਼ਮਦਾਰ ਤੇਗ਼ ਕਤਲ ਬਰੋ ਬਾਏ ਦੀਦ ਸ਼ੁਦ।
ਜੁਸਤਮ ਚੂੰ ਸਾਲ ਮਸ਼ਹੀਦਾਨੇ ਗ਼ਾਜੀ ਸ਼ਹੀਦ।
ਗੁਫ਼ਤਾ ਖ਼ਿਰਦ ਕੇ ਹਾਕਮੇ ਮੁਲਤਾਨ ਸ਼ਹੀਦ ਸ਼ੁਦ।

(1233 ਹਿਜਰੀ)

ਭਾਵ- ਜਦੋਂ ਸ਼ਾਹ ਨਿਵਾਜ ਖ਼ਾਨ ਮੁਲਤਾਨ ਵਿੱਚ ਸ਼ਹੀਦ ਹੋਇਆ (ਤਾਂ) ਕਤਲ ਦੀ ਖ਼ਮਦਾਰ ਸ਼ਮਸ਼ੇਰ (ਓਸ ਨੂੰ) ਈਦ ਦੇ ਚੰਦ ਵਾਤ (ਪਿਆਰੀ) ਭਾਸੀ। ਜਦ (ਮੈਂ ਨੇ) ਗ਼ਾਜ਼ੀ ਸ਼ਹੀਦ ਦੇ ਕਤਲ (ਹੋਣ) ਦਾ ਸਾਲ ਢੂੰਢਿਆ, ਤਾਂ ਅਕਲ ਨੇ (ਮੈਨੂੰ) ਆਖਿਆ ਕਿ ਮੁਲਤਾਨ ਦਾ ਹਾਕਮ ਸ਼ਹੀਦ ਹੋਇਆ।

ਖ਼ਾਲਸੇ ਦਾ ਨੁਕਸਾਨ ਜਾਨ ਭੀ ਚਾਰ ਹਜ਼ਾਰ ਦੇ ਲਗਪਗ ਸੀ। ਕਿਲ੍ਹੇ ਪਰ ਹੱਲਾ ਕਰਨ ਵਾਲੇ ਅਕਾਲੀ ਜੱਥੇ ਵਿੱਚੋਂ ਲਗਪਗ ਸਾਰੇ ਦੇ ਸਾਰੇ ਜਖ਼ਮੀ ਸਨ, ਜਿਨ੍ਹਾਂ ਵਿੱਚੋਂ ਬਤਾਲੀ ਸਿੰਘ ਮੋਰਚੇ ਛੁਡਾਣ ਵਿੱਚ ਸ਼ਹੀਦ ਹੋਏ। ਕਿਲ੍ਹੇ ਦੇ ਖ਼ਜਾਨੇ ਦਾ ਕਬਜ਼ਾ ਅਕਾਲੀ ਜੀ ਨੇ ਸ਼ਾਹਜ਼ਾਦੇ ਖੜਕ ਸਿੰਘ ਦੇ ਹਵਾਲੇ ਕੀਤਾ, ਜਿਸ ਵਿੱਚ ਕਈ ਲੱਖ ਰੁਪਯਾ ਤੇ ਬੁਹਤ ਸਾਰਾ ਸੋਨਾ ਨਿਕਲਿਆ। ਹੋਰ ਬੇਸ਼ੁਮਾਰ ਰੁਪਯਾ ਫ਼ੌਜਾਂ ਦੇ ਹੱਥ ਆਇਆ ਤੇ ਕਈਆਂ ਦੀਆਂ ਪੀਹੜੀਆਂ ਦੇ ਧੋਣੇ ਧੋਤੇ ਗਏ। ਇਸ ਫ਼ਤਹ ਦੀ ਰਿਪੋਟ ਉਸੀ ਵਕਤ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ ਭੇਜੀ ਗਈ, ਜਿਸ ਵਿਚ ਸ਼ਾਹਜਾਦੇ ਨੇ ਲਿਖਿਆ ਸੀ ਕਿ ਇਹ ਫ਼ਤਹ ਨਿਰੋਲ ਅਕਾਲੀ ਫੂਲਾ ਸਿੰਘ ਜੀ ਦੀ ਅਦੁੱਤੀ ਬਹਾਦਰੀ ਦਾ ਫਲ ਹੈ। ਮਹਾਰਾਜਾ ਸਾਹਿਬ ਖ਼ੁਸ਼-ਖ਼ਬਰੀ ਨੂੰ ਸੁਣਕੇ ਅਤਯੰਤ ਖ਼ੁਸ਼ ਹੋਏ ਤੇ ਉਸੇ ਦਿਨ ਤੋਂ ਹੀ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਦੀ ਟਹਿਲ ਅਰੰਭ ਦਿੱਤੀ ਤੇ ਹੋਰਨਾਂ ਗੁਰਦਵਾਰਿਆਂ ਦੀ ਭੀ ਸੇਵਾ ਕੀਤੀ। ਇਸ ਖ਼ੁਸ਼ੀ ਵਿੱਚ ਸ੍ਰੀ ਅੰਮ੍ਰਿਤਸਰ ਤੇ ਲਾਹੌਰ ਵਿੱਚ ਅੱਠ ਦਿਨ ਬਰਾਬਰ ਦੀਪਮਾਲਾ ਹੁੰਦੀ ਰਹੀ ਤੇ ਹੋਰ ਖ਼ੁਸ਼ੀਆਂ ਦੇ ਮੇਲੇ ਲੱਗਦੇ ਰਹੇ ਅਤੇ ਮਹਾਰਾਜਾ ਸਾਹਿਬ ਨੇ ਹਜ਼ਾਰਾਂ ਰੁਪਏ ਲੋੜਵੰਦਾਂ ਤੇ ਅਨਾਥਾਂ ਨੂੰ ਵੰਡੇ।

ਅਕਾਲੀ ਫੂਲਾ ਸਿੰਘ ਜਦ ਸੰਗਰਾਮ ਤੋਂ ਮੁੜ ਕੇ ਡੇਰੇ ਪਹੁੰਚਿਆ ਤਾਂ ਆਪ ਦਾ ਸੱਜਾ ਹੱਥ ਦਿਨ ਭਰ ਤਲਵਾਰ ਚਲਾਉਣ ਨਾਲ ਇੰਨਾ ਸੁੱਜ ਗਿਆ ਸੀ ਕਿ ਸ੍ਰੀ ਸਾਹਿਬ ਦੇ ਕਬਜ਼ੇ ਵਿੱਚੋਂ ਬੜੀ ਔਖ ਨਾਲ ਕੱਢਿਆ ਗਿਆ। ਫੇਰ ਆਪ ਦੇ ਜ਼ਖਮ ਜੋ ਬਹੁਤ ਡੂੰਘੇ ਨਹੀਂ ਸਨ, ਸੀਤੇ ਗਏ ਸਨ ਤੇ ਯੋਗ ਇਲਾਜ ਦੇ ਕੀਤਿਆਂ ਦਿਨਾਂ ਵਿੱਚ ਹੀ ਭਰ ਆਏ। ਸ਼ਾਹਜਾਦਾ ਖੜਗ ਸਿੰਘ ਇਲਾਕੇ ਪੱਕੇ ਪ੍ਰਬੰਧ ਲਈ ਦੋ ਮਹੀਨੇ ਮੁਲਤਾਨ ਠਹਿਰਿਆ ਰਿਹਾ ਤੇ ਆਪ ਜੀ ਨੇ ਬਾਬਾ ਜੀ ਨੂੰ ਭੀ ਆਪਣੇ ਨਾਲ ਹੀ ਰੱਖਿਆ। ਅਕਾਲੀ ਜੀ ਦੀ ਸਲਾਹ ਨਾਲ ਜੋਧ ਸਿੰਘ ਕਲਸੀਏ ਨੂੰ ਮੁਲਤਾਨ ਦਾ ਗਵਰਨਰ ਥਾਪਿਆ ਤੇ ਬਾਬਾ ਬਾਜ ਸਿੰਘ ਨੂੰ ਕਿਲ੍ਹਾਦਾਰ, ਤੇ ਸਰਦਾਰ ਫ਼ਤਹ ਸਿੰਘ ਆਹਲੂਵਾਲੀਆ ਨੂੰ ਤੋਲਾਬੇ ਦਾ ਸੂਬੇਦਾਰ ਬਣਾਇਆ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਨੂੰ ਖ਼ਾਨਗੜ੍ਹ ਦਾ ਹਾਕਮ ਚੁਣਿਆ ਤੇ ਹੋਰ ਭੀ ਜ਼ਰੂਰੀ-ਜ਼ਰੂਰੀ ਸਾਰਾ ਯੋਗ ਪ੍ਰਬੰਧ ਕੀਤਾ ਗਿਆ।

ਨਵਾਬ ਮੁਜ਼ੱਫਰ ਖ਼ਾਨ ਦੇ ਦੋ ਪੁੱਤ੍ਰ ਸਰਦਾਰ ਖ਼ਾਨ ਤੇ ਜ਼ੁਲਫ਼ਕਾਰ ਅਲੀ ਖ਼ਾਨ ਜੋ ਕੈਦ ਕੀਤੇ ਗਏ ਸਨ, ਲਾਹੌਰ ਭਿਜਵਾ ਦਿੱਤੇ। ਇੱਥੇ ਮਹਾਰਾਜਾ ਸਾਹਿਬ ਸ਼ਾਹੀ ਵਰਤਾਵੇ ਅਨੁਸਾਰ ਉਨ੍ਹਾਂ ਨਾਲ ਪੇਸ਼ ਆਏ ਤੇ 2500) ਰੁਪਿਆ ਉਨ੍ਹਾਂ ਨੂੰ ਜਿਆਫ਼ਤ ਲਈ ਭੇਜਿਆ, ਫੇਰ ਇੱਕ ਬੜੀ ਜਾਗੀਰ ਗੁਜ਼ਾਰੇ ਲਈ ਸ਼ਰਕਪੁਰ ਵਿੱਚ ਬਖ਼ਸ਼ੀ।

ਸ਼ਾਹਜ਼ਾਦਾ ਖੜਗ ਸਿੰਘ ਹੁਣ ਸਣੇ ਬਾਬਾ ਫੂਲਾ ਸਿੰਘ ਤੇ ਹੋਰਨਾਂ ਸਰਦਾਰਾਂ ਦੇ ਮੁਹਿੰਮ ਦੀ ਫ਼ਤਹ ਦੇ ਬਾਅਦ ਮੁੜ ਕੇ ਲਾਹੌਰ ਪਹੁੰਚੇ ਤਾਂ ਕਈ ਕੋਹ ਅੱਗੋਂ ਹੀ ਬੜੀ ਧੂਮ ਧਾਮ ਤੇ ਵਾਜੇ ਗਾਜੇ ਨਾਲ ਇੰਨ੍ਹਾਂ ਦੀ ਅਗਵਾਈ ਕੀਤੀ ਗਈ। ਹਜ਼ੂਰੀ ਬਾਗ ਦੇ ਮੈਦਾਨ ਵਿੱਚ ਭਾਰੀ ਦਰਬਾਰ ਸਜਾਇਆ ਗਿਆ, ਜਿਸ ਵਿੱਚ ਹਜ਼ਾਰਾਂ ਬੁਤਕੀਆਂ ਮਹਾਰਾਜਾ ਸਾਹਿਬ ਨੇ ਇੰਨ੍ਹਾਂ ਦੇ ਸਿਰਾਂ ਤੋਂ ਵਾਰ ਕੇ ਲੁਟਾਈਆਂ। ਮਹਾਰਾਜਾ ਸਾਹਿਬ ਸਭ ਤੋਂ ਪਹਿਲੇ ਅਕਾਲੀ ਫੂਲਾ ਸਿੰਘ ਨੂੰ ਅਤਿ ਪਿਆਰ ਨਾਲ ਮਿਲੇ ਤੇ ਇਸ ਖ਼ੁਸ਼ੀ ਵਿੱਚ ਆਪ ਨੂੰ ‘ਖਾਲਸਾ ਰਾਜ ਦਾ ਰਾਖਾ’ ਆਖਕੇ ਭਾਰੀ ਖ਼ੁਸ਼ੀ ਪ੍ਰਗਟ ਕੀਤੀ।

### ਇਸ ਫ਼ਤਹ ਪਰ ਵਿਚਾਰ

ਮੁਲਤਾਨ ਦੇ ਕਿਲ੍ਹੇ ਨੂੰ ਫ਼ਤਹ ਕਰਨ ਦੇ ਸਮਾਚਾਰ ਲਿਖਦੇ ਹੋਇਆਂ ਅਕਸਰ ਲੇਖਕਾਂ ਨੇ ਭੁੱਲਾਂ ਕੀਤੀਆਂ ਹਨ, ਜਿਸ ਕਰਕੇ ਇੱਕ ਲੇਖਕ ਦੀ ਰਾਇ ਦੂਜੇ ਨਾਲ ਮਿਲਦੀ ਨਹੀਂ, ਜੋ ਅਸੀਂ ਹੇਠ ਵਿਚਾਰ ਸਹਿਤ ਲਿਖਦੇ ਹਾਂ:-

(1) ਸਭ ਤੋਂ ਪਹਿਲਾਂ ਇਹ ਭੁੱਲ ਸ਼ਾਇਦ ਮਿਸਟਰ ਪ੍ਰਿਸਿੰਪ ਤੋਂ ਹੋਈ ਜਿਸ ਨੇ ਕਿਲ੍ਹੇ ਦੇ ਸ਼ਿਗ਼ਾਫ (ਪਾੜ) ਪਰ ਸਭ ਤੋਂ ਪਹਿਲੇ ਹੱਲਾ ਕਰਨ ਵਾਲੇ ਦਾ ਨਾਮ ਅਕਾਲੀ ਫੂਲਾ ਸਿੰਘ ਦੀ ਥਾਂ ਸਾਧੂ ਸਿੰਘ ਕਰਕੇ ਲਿਖਿਆ ਤੇ ਅੱਗੇ ਨੂੰ ਇਹ ਭੁੱਲ ਇਸਦੀ ਤਵਾਰੀਖ਼ ਦਾ ਆਧਾਰ ਲੈਂਦੇ ਹੋਏ ਡਾਕਟਰ ਮੈਕਗ੍ਰੀਗਰ, ਕਪਤਾਨ ਕਨਿੰਘਮ, ਸਰ ਲਿਪਲ ਗ੍ਰਿਫ਼ਨ ਅਤੇ ਸੱਯਦ ਮੁਹੰਮਦ ਲਤੀਫ਼ ਆਦਿ ਇਤਿਹਾਸਕਾਰਾਂ ਨੇ ਆਪੋ ਆਪਣੀਆਂ ਕਿਤਾਬਾਂ ਵਿਚ ਨਕਲ ਕਰਕੇ ਕੀਤੀ।

(2) ਮੇਜਰ ਸਮਾਇਥ ਉੱਪਰ ਦੱਸੇ ਲੇਖਕਾਂ ਦੇ ਵਿਰੁੱਧ ਸਭ ਤੋਂ ਪਹਿਲਾਂ ਹੱਲਾ ਕਰਨ ਵਾਲੇ ਦਾ ਨਾਮ ਅਕਾਲੀ ਜੱਸਾ ਸਿੰਘ ਲਿਖਦਾ ਹੈ

(3) ਅੱਗੇ ਜਾ ਕੇ ਇਤਿਹਾਸਕਾਰ ਇਸ ਦਾ ਨਾਮ ਅਕਾਲੀ ਮਾਲਾ ਸਿੰਘ ਦੱਸਦਾ ਹੈ।

ਹੁਣ ਆਓ ਅਸੀਂ ਜ਼ਰਾ ਇਸ ਪਰ ਵਿਚਾਰ ਕਰੀਏ ਕਿ ਇਹ ਬਲਬੀਰ ਬਹਾਦਰ ਤੇ ਅਦੁੱਤੀ ਜੋਧਾ ਕੌਣ ਸੀ ਜਿਸ ਨੇ ਮੁਲਤਾਨ ਦੇ ਕਿਲ੍ਹੇ ’ਤੇ ਸਭ ਤੋਂ ਪਹਿਲੇ ਹੱਲਾ ਕੀਤਾ?

(ੳ) ਇਸ ਗੱਲ ਦੇ ਮੰਨਣ ਵਿਚ ਕਿਸੇ ਇਤਿਹਾਸਕਾਰ ਨੂੰ ਇਨਕਾਰ ਨਹੀਂ ਕਿ ਕਿਲ੍ਹੇ ’ਤੇ ਹੱਲਾ ਕਰਨ ਵਾਲਾ ਜ਼ਰੂਰ ਕੋਈ ਅਕਾਲੀ ਸੀ, ਚਾਹੇ ਇਸ ਦਾ ਨਾਮ ਕਿਸੇ ਨੇ ਸਾਧੂ ਸਿੰਘ, ਕਿਸੇ ਨੇ ਜੱਸਾ ਸਿੰਘ ਅਤੇ ਕਿਸ ਨੇ ਮਾਲਾ ਸਿੰਘ ਆਦਿ ਕਰਕੇ ਲਿਖਿਆ, ਪਰ ਇਸ ਗੱਲ ਨੂੰ ਸਾਰੇ ਮੰਨਦੇ ਹਨ ਕਿ ਉਹ ਨਿਰਸੰਦੇਹ ਕੋਈ ਅਕਾਲੀ ਸੀ।

(ਅ) ਏਹ ਭੀ ਸਭ ਲਿਖਦੇ ਹਨ ਕਿ ਆਗੂ ਦੇ ਹੱਲਾ ਕਰਦਿਆਂ ਹੀ ਬਾਕੀ ਦਾ ਅਕਾਲੀ ਜੱਥਾ ਉਸ ਦੇ ਪਿੱਛੇ ਕਿਲ੍ਹੇ ਪਰ ਹਮਲਾਆਵਰ ਹੋਇਆ।

(ੲ) ਮਿਸਟਰ ਪ੍ਰਿੰਸਿਪ ਤੇ ਕਈ ਹੋਰ ਇਤਿਹਾਸਕਾਰ ਅਕਾਲੀ ਫੂਲਾ ਸਿੰਘ ਦਾ ਮੁਲਤਾਨ ਦੀ ਲੜਾਈ ਵਿਚ ਸ਼ਾਮਲ ਹੋਣਾ ਮੰਨਦੇ ਸਨ, ਤਾਂ ਹੁਣ ਵਿਚਾਰ ਗੋਚਰੀ ਇਹ ਗੱਲ ਹੈ ਕਿ ਅਕਾਲੀ ਫੂਲਾ ਸਿੰਘ ਦੇ ਹੁੰਦਿਆਂ ਕਦੀ ਹੋ ਸਕਦਾ ਸੀ ਕਿ ਕੋਈ ਹੋਰ ਹੱਲਾ ਕਰਨ ਵਿੱਚ ਅੱਗੇ ਵੱਧਦਾ ਤੇ ਆਪ ਉਸ ਤੋਂ ਪਿੱਛੇ ਰਹਿੰਦੇ ਜਦ ਕਿ ਸਾਰੇ ਇਤਿਹਾਸਕਾਰ ਇਸ ਗੱਲ ਨੂੰ ਇਕ ਜ਼ੁਬਾਨ ਹੋ ਕੇ ਮੰਨਦੇ ਹਨ ਕਿ ਅਕਾਲੀ ਫੂਲਾ ਸਿੰਘ ਸਦਾ ਹੱਲੇ ਦੇ ਵਕਤ ਆਪਣੇ ਸਾਰੇ ਜੱਥੇ ਤੋ ਅੱਗੇ ਹੁੰਦਾ ਸੀ।

(ਸ) ਅਕਾਲੀ ਫੂਲਾ ਸਿੰਘ ਨੂੰ ਉਸ ਦਿਨ ਤਲਵਾਰ ਦੇ ਫੱਟ ਲੱਗਣੇ ਇਸ ਗੱਲ ਨੂੰ ਹੋਰ ਵੀ ਸਾਫ਼ ਕਰ ਦੇਂਦੇ ਹਨ। ਜੇ ਅਕਾਲੀ ਜੀ ਪਹਿਲੇ ਹੱਲੇ ਵਿੱਚ ਨਹੀਂ ਸਨ ਤਾਂ ਫੱਟ ਕਿੱਥੋਂ ਲੱਗੇ?

(ਹ) ਮੇਜਰ ਸਮਾਇਥ ਇਸ ਥਾਂ ’ਤੇ ਸਾਡੇ ਨਾਲ ਸਹਿਮਤ ਹੋ ਜਾਂਦਾ ਹੈ, ਜਿੱਥੇ ਉਹ ਲਿਖਦਾ ਹੈ ਕਿ ਭਾਵੇਂ ਉਹ ਕੋਈ ਵੀ ਹੋਵੇ, ਪਰ ਇਸ ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਕਿ ਮੁਲਤਾਨ ਨੂੰ ਮਹਾਰਾਜਾ ਰਣਜੀਤ ਸਿੰਘ ਲਈ ਐਡਾ ਛੇਤੀ ਫ਼ਤਹ ਕਰਨ ਦਾ ਸਿਹਰਾ ਸਦਾ ਲਈ ਬਹਾਦਰ ਫੂਲਾ ਸਿੰਘ ਅਕਾਲੀ ਦੇ ਹੀ ਸਿਰ ਰਹੇਗਾ।

(ਕ) ਇਸ ਤੋਂ ਵੀ ਵਧਕੇ ਸਬੂਤ ਜੋ ਸਾਨੂੰ ਮਿਲਦਾ ਹੈ ਓਹ ਸਾਡੇ ਇੱਕ ਬਜ਼ੁਰਗ ਸੰਬੰਧੀ ਬਾਬਾ ਹਿੰਮਤ ਸਿੰਘ ਜੀ ਦੀ ਜ਼ਬਾਨੀ ਹੈ, ਜਿਨ੍ਹਾਂ ਦੇ ਪਿਤਾ ਜੀ ਅਕਾਲੀ ਫੂਲਾ ਸਿੰਘ ਦੇ ਗੂੜ੍ਹੇ ਸਤਸੰਗੀ ਸੇ ਤੇ ਲਗ ਪਗ ਸਾਰੇ ਜੁੱਧਾਂ ਜੰਗਾ ਵਿਚ ਉਨ੍ਹਾਂ ਦੇ ਨਾਲ ਰਹੇ ਸਨ, ਵਿਸ਼ੇਸ ਕਰਕੇ ਮੁਲਤਾਨ ਦੀ ਫ਼ਤਹ ਆਪ ਦੀ ਅੱਖੀ ਡਿੱਠੀ ਘਟਨਾ ਸੀ। ਬਾਬਾ ਜੀ ਦੱਸਦੇ ਸਨ ਕਿ ਇਸ ਲੜਾਈ ਦੇ ਸਮਾਚਾਰ ਪਿਤਾ ਜੀ ਨੇ ਕਈ ਵਾਰੀ ਸਾਨੂੰ ਵਿਸਥਾਰ ਸਹਿਤ ਸੁਣਾਏ ਜਿਨ੍ਹਾਂ ਵਿਚ ਉਹ ਅਕਾਲੀ ਫੂਲਾ ਸਿੰਘ ਨੂੰ ਮੁਲਤਾਨ ਦਾ ਫ਼ਾਤਹ (ਵਿਜਈ) ਦੱਸਦੇ ਸਨ।

ਸਭ ਤੋਂ ਵੱਧ ਮੁਸਤਨਦ ਲਿਖਤੀ ਸਬੂਤ ਜੋ ਇਸ ਘਟਨਾ ਦਾ ਮਿਲਦਾ ਹੈ, ਉਹ ਕਲਕੱਤਾ ਰੀਵਿਊ ਜਿਲਦ 3 ਦਾ ਸਫ਼ਾ -79, ਦਸੰਬਰ 1846 ਦੀ ਲਿਖਤ ਹੈ, ਜਿੱਥੇ ਸਪੱਸ਼ਟ ਲਿਖਿਆ ਹੈ ਕਿ (ਮੁਲਤਾਨ ਦੀ ਲੜਾਈ ਵਿਚ ਮਹਾਰਾਜਾ) ਰਣਜੀਤ ਸਿੰਘ ਦੀ ਸਾਰੀ ਫ਼ੌਜ ਪਿੱਛੇ ਹਟਾ ਦਿੱਤੀ ਗਈ ਹੁੰਦੀ ਜੇ ਕਦੇ ਅਕਾਲੀ ਫੂਲਾ ਸਿੰਘ ਨਿਰਭੈਤਾ ਨਾਲ ਆਪਣੇ ਬਲਵਾਨ ਜੱਥੇ ਨੂੰ ਨਾਲ ਲੈ ਕੇ ਕਿਲ੍ਹੇ ਦੇ ਸ਼ਿਗਾਫ ’ਤੇ ਧਾਵਾ ਨਾ ਕਰ ਦੇਂਦਾ।

Ranjit singh’s whole army would have been repulused from multan, had phula singh, a mad akali borrowed from Baculine the courage to lead a storming party against the breach.

ਇਸ ਤਰ੍ਹਾਂ ਪਿਸ਼ਾਵਰ ਗਜ਼ਟੀਅਰ ਸਫ਼ਾ 65 ’ਤੇ ਸਾਫ਼ ਲਿਖਿਆ ਹੈ ਕਿ ਮੁਲਤਾਨ ਦੇ ਕਿਲ੍ਹੇ ਦੇ ਪਾੜ ਵਿੱਚ ਸਭ ਤੋਂ ਪਹਿਲਾਂ ਫੂਲਾ ਸਿੰਘ (ਅਕਾਲੀ) ਸਣੇ ਆਪਣੇ ਜੱਥੇ ਦੇ ਦਾਖ਼ਲ ਹੋਇਆ। ਨੁਸ਼ੈਹਰੇ ਦੀ ਸੰਨ 1823 ਦੀ ਭਿਆਨਕ ਲੜਾਈ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ:-

“In this action 10,000 pathans are said to have been slained. And with them fell that gallant old sikh soldier, Phula singh, the intre-pid leader of Akali or immortal who five years before had led the way into the breach at multan , and was on this occasion no less conspicuous for his gallantry.”

ਇਨ੍ਹਾਂ ਸਾਰੀਆ ਦਲੀਲਾਂ ਤੇ ਸਬੂਤਾਂ ਪਰ ਵਿਚਾਰ ਕੀਤਿਆਂ ਪੂਰੀ ਤਰ੍ਹਾਂ ਸਾਬਤ ਹੋ ਜਾਂਦਾ ਹੈ ਕਿ ਇਕ ਬਹਾਦਰ ਸੂਰਮਾ ਅਕਾਲੀ ਫੂਲਾ ਸਿੰਘ ਹੀ ਸੀ, ਜਿਸ ਨੇ ਸਭ ਤੋਂ ਪਹਿਲੇ ਕਿਲ੍ਹੇ ’ਤੇ ਹੱਲਾ ਕਰਕੇ ਮੁਲਤਾਨ ਨੂੰ ਫ਼ਤਹ ਕੀਤਾ।[3]

(ਚਲਦਾ)

1. ਮੁਲਤਾਨ ਦਾ ਕਿਲ੍ਹਾ 2 ਜੂਨ 1818 ਨੂੰ ਜਿੱਤ ਲਿਆ ਗਿਆ। (ਸੰਪਾਦਕ)
2. ਨਵਾਬ ਮੁਜ਼ੱਫਰ ਖ਼ਾਨ ਦੇ ਪਿਤਾ ਦਾ ਨਾਮ ਸ਼ੁਜਾਹ ਖ਼ਾਨ ਸੀ।
3. ਸੋਹਨ ਲਾਲ ਸੂਰੀ ਕਿਲ੍ਹੇ ਦੀ ਜਿੱਤ ਦਾ ਸਿਹਰਾ ਸਾਧੂ ਸਿੰਘ ਨੂੰ ਦਿੰਦਾ ਹੈ। ਮੁਲਤਾਨ ਦੀ ਜਿੱਤ ਸਮੇਂ ਅਕਾਲੀ ਫੂਲਾ ਸਿੰਘ ਅਟਕ ਵਿੱਚ ਮੌਜੂਦ ਸੀ ਪਰ ਇਹ ਸਾਫ਼ ਹੈ ਕਿ ਕਿਲੇ ਵਿੱਚ ਵੜਨ ਵਾਲਾ ਬੰਦਾ ਅਕਾਲੀ ਫੂਲਾ ਦੇ ਜੱਥੇ ਦਾ ਹੀ ਸੀ। (ਸੰਪਾਦਕ)

**ਪੇਸ਼ਕਸ਼:**
**ਹਰਦੇਵ ਬਰਾੜ**
**ਮੁੱਖ ਸੰਪਾਦਕ**




Harcourts Topline
Licensed Agent REAA 2008
Your home is One of your most valuable
asset
We are a complete One stop shop for all your Real Estate needs
We offer the following services:
• Residential Sales
• Rental Property Management (REINZ Accredited PM Company)
• Business Sales
• Commercial Sales
• Commercial Leasing
Call The Topline TEAM
for any of your Real Estate needs & more
ਘਰ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ।
Hardev Brar
M: 027 442 7338
E: Hardev.brar@harcourts.co.nz
Mehul Mody
M: 021 990 080
E: mehul.mody@harcourts.co.nz
M 027442 7338 P 09 620 6222
hardev.brar@harcourts.co.nz www.toplinerealty.co.nz , 206 Stoddard Road, Mt Roskill, Auckland


DH
SUPERMARKET
ਇੱਥੇ ਹਰ ਪ੍ਰਕਾਰ ਦੀ ਗਰੋਸਰੀ ਅਤੇ
ਤਾਜ਼ਾ ਸਬਜੀਆਂ ਮਿਲਦੀਆਂ ਹਨ।
PAPATOETOE
141 Kolmar Road, Paptoetoe
FLATBUSH
46 Ormiston Road, East Tamaki
PAPAKURA
38 O Shannessey Street, Papakura


SPARKELS
JEWELLERS
SPARKLE YOUR LIFE WITH SPARKLE JAWELLER
We Buy Gold Diamond & Coins
22kt., 9kt, 18kt & Diamond Jewellery
Jewellery Valuation
Jewellery Repairing
Lucky Stones
208, Great South Road Papatoetoe
Ph: 0800 030377
CALL: G S HAPPY
DDI 093901041

# ਕਾਵ ਵਿਅੰਗ

(ਪਖੰਡੀ ਸਾਧ) ਹਸੂ ਹਸੂ ਕਰਦਾ ਕਈਆਂ ਦਾ ਰਹੇ ਚਿਹਰਾ,
ਬੂਥੀ ਹਰ ਵੇਲੇ ਕਈਆਂ ਦੀ ਸੜੀ ਰਹਿੰਦੀ!
ਪੈਰ ਪਸਾਰ ਦੇ ਜੋ ਆਪਣੀ ਦੇਖ ਚਾਦਰ,
ਆਮਦਨ ਥੋੜੀ ਵੀ ਉਹਨਾਂ ਕੋਲ ਖੜੀ ਰਹਿੰਦੀ!
ਮਿਹਨਤ ਨਾਲ ਜਿਨਾਂ ਪਾ ਲਈ ਪ੍ਰੀਤ ਗੂੜੀ,
ਗੁੱਡੀ ਸਿਖਰਾਂ ਤੇ ਉਹਨਾਂ ਦੀ ਸਦਾ ਚੜੀ ਰਹਿੰਦੀ!
ਤਰੱਕੀ ਰਾਜਿਆ ਉਨਾਂ ਨੇ ਸੁਆਹ ਕਰਨੀ,
ਸੋਚ ਪਖੰਡੀ ਸਾਧਾਂ ਤੱਕ ਜਿਨਾਂ ਦੀ ਖੜੀ ਰਹਿੰਦੀ!



ਰਾਜਾ ਗਿੱਲ ਔਕਲੈਂਡ (ਨਿਊਜ਼ੀਲੈਂਡ)
0225550221

iColour Graphics T/A
iSIGNS
DESIGN
PRINT
SIGN
PRINTING
BUSINESS CARDS
FLYERS
PHOTOCOPY
LAMINATION
BINDING & MORE...
SIGNAGE
SHOP SIGNS
VEHICLE SIGNS
FOOTPATH SIGNS
PULL-UP BANNERS
POSTERS & MORE...



PH: 0800 03 03 99 | MOB: 021 670 590
Email: icolourgraphics@gmail.com
UNIT 5/2 TIRONUI STATION ROAD WEST, TAKANINI

Planet FM 104.6
Planet FM
ਹਰਦੇਵ ਬਰਾੜ ਪੇਸ਼ ਕਰਦੇ ਹਨ ਰੇਡੀਓ
ਮਹਿਕ ਵਤਨ ਦੀ
104.6 FM
ਸਮਾਂ ਹਰ ਸ਼ੁੱਕਰਵਾਰ
2.45pm ਤੋਂ 3.45pm
ਸਟੂਡੀਓ ਲਾਈਨ 09 815 8100
ਆਨਲਾਈਨ ਸੁਣਨ ਲਈ
www.planetaudio.org.nz/mehakwattandi



Radio FM
ਨਿਰਮਾਤਾ/ਪੇਸ਼ਕਾਰ
ਹਰਦੇਵ ਬਰਾੜ
ਹਰਦੇਵ ਬਰਾੜ ਨਿਊਜ਼ੀਲੈਂਡ ਇੰਡੀਅਨ ਸਪੋਰਟਸ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਹਨ ਅਤੇ ਅਜੇ ਵੀ ਭਾਰਤੀ ਅਖਬਾਰ ਮਹਿਕ-ਏ-ਵਤਨ ਦੇ ਮੁੱਖ ਸੰਪਾਦਕ ਵਜੋਂ ਸੇਵਾ ਨਿਭਾ ਰਹੇ ਹਨ। ਇਸ ਲਈ ਖਬਰਾਂ, ਵਰਤਮਾਨ ਸਮਾਗਮਾਂ ਅਤੇ ਸਥਾਨਕ ਜਾਣਕਾਰੀ ਨੂੰ ਪੇਸ਼ ਕਰਨ ਲਈ ਪੂਰੀ ਤਰ੍ਹਾਂ ਰੱਖਿਆ ਗਿਆ ਹੈ। ਹਰਦੇਵ ਬਰਾੜ ਨੇ ਪਲੈਨੇਟ ਐਫਐਮ 'ਤੇ ਪਹਿਲਾਂ ਮੇਜ਼ਬਾਨੀ ਕਰਦੇ ਹੋਏ, ਰੇਡੀਓ ਪੇਸ਼ਕਾਰੀ ਲਈ ਸਾਲਾਂ ਦਾ ਅਨੁਭਵ ਲਿਆਉਂਦਾ ਹੈ। ਫਿਲਹਾਲ ਉਹ ਰੀਅਲ ਅਸਟੇਟ ਦਾ ਕੰਮ ਕਰਦੇ ਹਨ।
Planet FM 104.6

UNIVERSAL HOMEOPATHIC NZ LTD. AUCKLAND
PROVIDING AN EXCEPTIONAL EXPERIENCE IN ALTERNATIVE THERAPIES.
HOMEOPATHY
Universal Homeopathic NZ Ltd
ਡਾ. ਪ੍ਰੀਤ ਨਾਲ ਤੁਸੀ ਅੰਗਰੇਜੀ, ਪੰਜਾਬੀ, ਹਿੰਦੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ।



DR PREET
Consultant and Physician
Visit
UNIVERSAL HOMEOPATHIC NZ LTD. AUCKLAND
ACNE
ASTHMA
DEPRESSION
DIABETES
GALLSTONES
GOUT
HAIR LOSS
INDIGESTION
MIGRAINE
OBESITY
PILES
PIMPLES
WORMS
STRESS
415, Great South Road
info@naturallyhealth.co.nz
P: 021-1256-356





# PROFESSIONAL FINANCIAL SOLUTIONS GROUP

## JUST ONE PLACE FOR ALL FINANCIAL SERVICES YOU NEED

## SERVICES

- ਘਰਾਂ ਦੇ ਲੋਨ
- ਬਿਜ਼ਨਸ ਦੇ ਲੋਨ
- ਲਾਈਫ/ਟਰੋਮਾ/ਮੈਡੀਕਲ ਇੰਸ਼ੋਰੈਂਸ
- ਰੀਡਨਡੈਂਸੀ/ਮਾਰਗੇਜ਼ ਪ੍ਰੋਟੈਕਸ਼ਨ ਇੰਸ਼ੋਰੈਂਸ
- ਕਾਰ, ਟਰੱਕ ਆਦਿ ਦੇ ਲੋਨ


Rohit Takyar
021 172 8962


Samir Khanna
021 0295 8787


Ram Vashist
021 401 535


Alpana Gupta
021 159 3453


Hareen Wijesena
022 560 1509


Varun Bhatti
022 673 1951


Amandeep
027 527 1702


Harshpinder Kaur
022 463 4089

A disclosure statement as required under Securities Act 1988 is freely available on request

**HEAD OFFICE**
35 Morningside Drive, St. Lukes, Mt. Albert, Auckland
**Ph: 09 846 9934, Fax: 09-846 9936**

**SOUTH AUCKLAND OFFICE**
Level 1/203 Great South Road, Manurewa, Auckland
www.professionalfinancial.co.nz | Email: info@pfsl.co.nz

**Professional Financial Solutions Ltd.**
**Aim Associates Ltd.**

# ਤਰੱਕੀ ਦੇ ਮੌਕੇ ਸਭ ਨੂੰ ਕਿਉਂ ਨਹੀਂ ਮਿਲਦੇ ?



ਅਵਤਾਰ ਤਰਕਸ਼ੀਲ
ਨਿਊਜ਼ੀਲੈਂਡ
006421392147

ਜਦੋਂ ਵੀ ਕਿਸੇ ਵਿਸ਼ੇ 'ਤੇ ਗੱਲਬਾਤ ਕਰੀਏ ਜਾਂ ਕਿਸੇ ਵਿਸ਼ੇ ਤੇ ਵਿਚਾਰ ਕਰੀਏ ਤਾਂ ਇਹ ਵਿਚਾਰ ਹਰ ਇੱਕ ਤੇ ਲਾਗੂ ਨਹੀਂ ਹੁੰਦੇ। ਕਿਸੇ ਵਿਸ਼ੇ 'ਤੇ ਗੱਲਬਾਤ ਜਾਂ ਵਿਚਾਰ ਇਸ ਕਰਕੇ ਕੀਤਾ ਜਾਂਦਾ ਹੈ ਕਿਉਂਕਿ ਉਹ ਵੱਡੀ ਗਿਣਤੀ'ਤੇ ਲਾਗੂ ਹੁੰਦਾ ਹੈ।

ਵੱਖ-ਵੱਖ ਖੇਤਰਾਂ ਵਿੱਚ ਅਤੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਬਹੁਤ ਸਾਰੇ ਲੋਕਾਂ ਨੂੰ ਤਰੱਕੀਆਂ ਕਰਨ ਦੇ ਮੌਕੇ ਮਿਲਦੇ ਹਨ ਜਿਸ ਵਿੱਚ ਭਾਰਤ ਵੀ ਸ਼ਾਮਿਲ ਹੈ। ਕੁੱਝ ਲੋਕ ਉਨ੍ਹਾਂ ਮੌਕਿਆਂ ਦਾ ਫਾਇਦਾ ਉਠਾ ਲੈਂਦੇ ਹਨ ਅਤੇ ਕਈ ਮੌਕਾ ਮਿਲਣ ਤੇ ਵੀ ਫਾਇਦਾ ਨਹੀਂ ਉਠਾ ਸਕਦੇ।

ਜਿਹੜੇ ਲੋਕ ਮੌਕੇ ਦਾ ਫਾਇਦਾ ਉਠਾ ਜਾਂਦੇ ਹਨ ਉਨ੍ਹਾਂ ਦਾ ਨਾਮ ਕਾਮਯਾਬ ਇਨਸਾਨਾਂ ਵਿੱਚ ਆ ਜਾਂਦਾ ਹੈ ਤੇ ਦੂਜਿਆਂ ਦਾ ਫੇਲ੍ਹ ਹੋਏ ਜਾਂ ਨਾ ਕਾਮਯਾਬ ਇਨਸਾਨਾਂ ਵਿੱਚ ਆ ਜਾਂਦਾ ਹੈ। ਜਦੋਂ ਕਾਮਯਾਬ ਹੋਇਆ ਇਨਸਾਨ ਘੱਟ ਕਾਮਯਾਬ ਹੋਏ ਇਨਸਾਨਾਂ ਨੂੰ ਆਪਣੀ ਕਾਮਯਾਬੀ ਦੀ ਕਹਾਣੀ ਸੁਣਾਉਂਦਾ ਹੈ ਤਾਂ ਕਈ ਤਾਂ ਉਸ ਕਹਾਣੀ ਤੋਂ ਕੁੱਝ ਸਿੱਖ ਲੈਂਦੇ ਹਨ ਅਤੇ ਕਈ ਇਹ ਕਹਿ ਕੇ ਕਹਾਣੀ ਨੂੰ ਅੱਖੋਂ ਪਰੋਖਾ ਕਰ ਦਿੰਦੇ ਹਨ ਕਿ ਇਸ ਦੇ ਤਾਂ ਪੈਰ ਥੱਲੇ ਬਟੇਰਾ ਆ ਗਿਆ ਹੈ। ਇਹ ਦੇਖਣ ਵਾਲੇ ਦਾ ਨਜ਼ਰੀਆ ਹੈ ਕਿ ਇਸ ਵੇਲੇ ਉਸ ਨੂੰ ਇਹ ਦੱਸਣ ਵਾਲੇ ਦੀ ਕਾਮਯਾਬੀ ਲੱਗੇ ਜਾਂ ਪੈਰ ਥੱਲੇ ਆਇਆ ਬਟੇਰਾ ਲੱਗੇ। (ਪੈਰ ਥੱਲੇ ਬਟੇਰਾ ਆਉਣ ਦਾ ਅਰਥ ਹੁੰਦਾ ਹੈ ਕਿ ਕੋਈ ਚੀਜ਼ ਬਿਨਾਂ ਕੋਸ਼ਿਸ਼ ਕੀਤਿਆਂ ਅਚਾਨਕ ਮਿਲ ਜਾਵੇ)।

ਹੁਣ ਦੇਖਦੇ ਹਾਂ ਕਿ ਮੌਕਾ ਕਿਸ ਨੂੰ ਮਿਲਦਾ ਹੈ? ਜ਼ਿਆਦਾ ਤੌਰ 'ਤੇ ਤੁਹਾਨੂੰ ਉਹ ਚੀਜ਼ਾਂ ਮਿਲਣ ਦੀ ਸੰਭਾਵਨਾ ਵੱਧ ਹੁੰਦੀ ਹੈ ਜਿਨ੍ਹਾਂ ਦੀ ਤੁਸੀਂ ਭਾਲ ਕਰ ਰਹੇ ਹੋਵੋ। ਜਿਨ੍ਹਾਂ ਚੀਜ਼ਾਂ ਦੀ ਤੁਸੀਂ ਭਾਲ ਨਹੀਂ ਕਰਦੇ ਜਾਂ ਜਿਨ੍ਹਾਂ ਚੀਜ਼ਾਂ ਨੂੰ ਤੁਸੀਂ ਗੌਰ ਨਾਲ ਨਹੀਂ ਦੇਖਦੇ। ਉਹ ਤੁਹਾਡੀ ਨਜ਼ਰ ਵਿੱਚ ਨਹੀਂ ਆਉਂਦੀਆਂ ਭਾਵੇਂ ਉਹ ਤੁਹਾਡੇ ਲਾਗੇ ਹੀ ਪਈਆਂ ਹੋਣ। ਉਹ ਚੀਜ਼ਾਂ ਬੇਸ਼ੱਕ ਬਹੁਤ ਜ਼ਿਆਦਾ ਕੀਮਤੀ ਹੋਣ ਫਿਰ ਵੀ ਤੁਹਾਨੂੰ ਨਹੀਂ ਦਿਸਣਗੀਆਂ ਕਿਉਂਕਿ ਤੁਸੀਂ ਉਨ੍ਹਾਂ ਪ੍ਰਤੀ ਭਾਲ ਵਿੱਚ ਨਹੀਂ ਹੋ। ਕੁੱਝ ਉਦਾਹਰਣਾਂ ਦੇਖਦੇ ਹਾਂ।

ਪੰਜਾਬ ਵਿੱਚ ਪਰਦੇਸੀ ਮਜ਼ਦੂਰਾਂ ਆ ਕੇ ਕੰਮ ਲੱਭਣੇ ਸ਼ੁਰੂ ਕੀਤੇ।ਉਨ੍ਹਾਂ ਵਿਚੋਂ ਬਹੁਤਿਆਂ ਨੂੰ ਪੰਜਾਬੀ ਬੋਲੀ ਵੀ ਨਹੀਂ ਆਉਂਦੀ ਸੀ। ਸ਼ੁਰੂ ਵਿੱਚ ਉਨ੍ਹਾਂ ਬਹੁਤ ਸਖਤ ਮਿਹਨਤ ਕੀਤੀ। ਬਹੁਤ ਸਾਰੇ ਪੰਜਾਬੀ ਬੋਲੀ ਵੀ ਸਿੱਖ ਗਏ। ਉਨ੍ਹਾਂ ਦੀ ਅਗਲੀ ਪੀੜ੍ਹੀ ਆਮ ਪੰਜਾਬੀਆਂ ਵਾਂਗ ਹੀ ਪੰਜਾਬੀ ਬੋਲਦੀ ਹੈ। ਜਿਹੜੇ ਉਨ੍ਹਾਂ ਵਿਚੋਂ ਜ਼ਿਆਦਾ ਮਿਹਨਤੀ ਜਾਂ ਸੂਝਵਾਨ ਸੀ ਉਨ੍ਹਾਂ ਆਪਣੇ ਕਾਰੋਬਾਰ ਸ਼ੁਰੂ ਕਰ ਲਏ। ਕਈਆਂ ਦੁਕਾਨਾਂ ਪਾ ਲਈਆਂ, ਥਰੀ ਵੀਲ੍ਹਰ ਚਲਾਉਣ ਲੱਗ ਪਏ ਅਤੇ ਕਈ ਠੇਕੇਦਾਰ ਬਣ ਗਏ, ਕਈ ਮਿਸਤਰੀ ਬਣ ਗਏ ਅਤੇ ਘਰ ਬਣਾਉਣ ਲੱਗ ਪਏ ਅਤੇ ਕਈ ਫੈਕਟਰੀਆਂ ਵਿੱਚ ਫੋਰਮੈਨ ਬਣ ਗਏ।

ਹੁਣ ਦੇਖਣ ਦੀ ਗੱਲ ਇਹ ਹੈ ਕਿ ਪੰਜਾਬੀ ਇਹ ਕੁੱਝ ਕਿਉਂ ਨਹੀਂ ਕਰ ਸਕੇ? ਉਸ ਦੀ ਵਜ੍ਹਾ ਹੈ ਕਿ ਪ੍ਰਵਾਸੀ ਇਸ ਮੌਕੇ ਦੀ ਭਾਲ ਵਿੱਚ ਸੀ। ਉਨ੍ਹਾਂ ਉਸ ਭਾਲ ਵਿੱਚ ਆਪਣਾ ਘਰ ਵੀ ਛੱਡ ਦਿੱਤਾ ਅਤੇ ਉਨ੍ਹਾਂ ਦੀ ਉਹ ਭਾਲ ਪੰਜਾਬ ਵਿੱਚ ਆ ਕੇ ਮੁੱਕੀ। ਇਸ ਦੇ ਉਲਟ ਇਹ ਸਭ ਕੁੱਝ ਪੰਜਾਬੀਆਂ ਦੇ ਕੋਲ ਪਿਆ ਸੀ। ਉਨ੍ਹਾਂ ਨੂੰ ਕਿਉਂ ਨਹੀਂ ਦਿਸਿਆ? ਉਹ ਇਸ ਕਰਕੇ ਕਿ ਉਹ ਇਸ ਦੀ ਭਾਲ ਵਿੱਚ ਨਹੀਂ ਸਨ।

ਮੇਰਾ ਇੱਕ ਪਾਕਿਸਤਾਨੀ ਦੋਸਤ ਜੋ ਮੇਰੇ ਨਾਲ ਬਹੁਤ ਸਮੇਂ ਤੋਂ ਕੀਵੀ ਫਰੂਟ ਦਾ ਕੰਮ ਕਰਦਾ ਸੀ। ਇੱਕ ਬਾਗ ਵਿੱਚ ਅਸੀਂ ਪਿਛਲੇ 20 ਸਾਲ ਤੋਂ ਇਕੱਠੇ ਕੰਮ ਕਰਦੇ ਸੀ। ਉੱਥੇ ਇੱਕ 80 ਮੀਟਰ ਦੀ ਸ਼ੈੱਡ ਸੀ ਅਤੇ ਉਸ ਸ਼ੈੱਡ ਦੇ ਅੰਦਰ ਇੱਕ ਸਿਰੇ 'ਤੇ ਛੇ ਕੁ ਮੀਟਰ ਦੀ ਛੋਟੀ ਸ਼ੈੱਡ ਸੀ। ਜਦੋਂ ਮੀਂਹ ਹੋਵੇ ਤਾਂ ਅਸੀਂ ਵੱਡੀ ਸ਼ੈੱਡ ਵਿੱਚ ਰੋਟੀ ਖਾਂਦੇ ਹੁੰਦੇ ਸੀ। ਰੋਟੀ ਖਾਣ ਵਾਲੀ ਜਗਾ ਤੋਂ ਛੋਟੀ ਸ਼ੈੱਡ ਸਿਰਫ ਚਾਰ ਮੀਟਰ ਦੀ ਦੂਰੀ 'ਤੇ ਸੀ। ਇੱਕ ਦਿਨ ਮੈਂ ਆਪਣੇ ਪਾਕਿਸਤਾਨੀ ਦੋਸਤ ਨੂੰ ਫੋਨ ਕੀਤਾ ਕਿ ਜੋ ਤੈਨੂੰ ਸਮਾਨ ਚਾਹੀਦਾ ਹੈ ਉਹ ਛੋਟੀ ਸ਼ੈੱਡ ਵਿੱਚ ਪਿਆ ਹੈ। ਤੂੰ ਉਸ ਵਿਚੋਂ ਸਮਾਨ ਕੱਢ ਲੈ। ਉਹ ਕਹਿਣ ਲੱਗਾ ਕਿਹੜੀ ਛੋਟੀ ਸ਼ੈੱਡ ਵਿਚੋਂ? ਮੈਂ ਕਿਹਾ ਜਿਹੜੀ ਵੱਡੀ ਸ਼ੈੱਡ ਦੇ ਵਿੱਚ ਬਣੀ ਹੋਈ ਹੈ ਜਿੱਥੇ ਆਪਾਂ ਰੋਟੀ ਖਾਂਦੇ ਹੁੰਦੇ ਆਂ। ਉਹ ਕਹਿੰਦਾ ਉੱਥੇ ਤਾਂ ਕੋਈ ਛੋਟੀ ਸ਼ੈੱਡ ਹੀ ਨਹੀਂ। ਮੈਂ ਕਿਹਾ ਆਪਾਂ 20 ਸਾਲਾਂ ਤੋਂ ਉੱਥੇ ਰੋਟੀ ਖਾਂਦੇ ਹਾਂ ਤੇ ਤੂੰ ਸ਼ੈੱਡ ਕਿਉਂ ਨਹੀਂ ਦੇਖੀ? ਉਹ ਫਿਰ ਮੈਨੂੰ ਕਹਿਣ ਲੱਗਾ ਕਿ ਤੂੰ ਮੈਨੂੰ ਬੇਵਕੂਫ ਬਣਾ ਰਿਹਾ ਹੈਂ। ਮੈਂ ਕਿਹਾ ਨਹੀਂ ਤੂੰ ਉੱਥੇ ਜਾ ਕੇ ਦੇਖ। ਕੁੱਝ ਮਿੰਟਾਂ ਬਾਦ ਉਹ ਉੱਥੇ ਪਹੁੰਚ ਗਿਆ ਅਤੇ ਸ਼ੈੱਡ ਦੇਖ ਕੇ ਬਹੁਤ ਹੈਰਾਨ ਹੋਇਆ। ਮੈਨੂੰ ਕਹਿਣ ਲੱਗਾ ਕਿ ਇਹ ਸਮਝ ਨਹੀਂ ਆ ਰਹੀ ਕਿ ਏਨੀ ਵੱਡੀ ਸ਼ੈੱਡ ਮੈਨੂੰ 20 ਸਾਲਾਂ ਵਿੱਚ ਕਿਉਂ ਨਹੀਂ ਦਿਸੀ? ਮੈਂ ਉਸ ਨੂੰ ਦੱਸਿਆ ਕਿ ਤੁਹਾਨੂੰ ਜ਼ਿੰਦਗੀ ਵਿੱਚ ਸਿਰਫ ਉਹ ਚੀਜ਼ਾਂ ਜਾਂ ਮੌਕੇ ਮਿਲਦੇ ਹਨਜਿਨ੍ਹਾਂ ਦੀ ਤੁਸੀਂ ਭਾਲ ਕਰ ਰਹੇ ਹੋਵੋ। ਤੂੰ ਕਦੇ ਇਸ ਸ਼ੈੱਡ ਦੀ ਭਾਲ ਹੀ ਨਹੀਂ ਕੀਤੀ ਅਤੇ ਨਾ ਹੀ ਇਸ ਦੀ ਤੈਨੂੰ ਕਦੇ ਲੋੜ ਪਈ। ਇਸੇ ਕਰਕੇ ਇਹ ਤੈਨੂੰ ਦਿਸੀ ਨਹੀਂ। ਇਸ ਗੱਲ ਨੂੰ ਯਾਦ ਕਰਕੇ ਅਸੀਂ ਅੱਜ ਵੀ ਬਹੁਤ ਹੱਸਦੇ ਹਾਂ।

ਮੈਂ ਪੰਦਰਾਂ ਸਾਲਾਂ ਦੀ ਉਮਰ ਤੋਂ ਹੀ ਆਰਥਿਕ ਤਰੱਕੀ ਦੇ ਮੌਕੇ ਲੱਭਣੇ ਸ਼ੁਰੂ ਕੀਤੇ। ਜਦੋਂ ਮੈਂ ਆਪਣੀ ਪ੍ਰਿੰਟਿੰਗ ਪ੍ਰੈਸ ਖੋਲ੍ਹੀ ਤਾਂ ਉਸ ਵੇਲੇ ਜੱਟਾਂ ਵਿੱਚ ਦੁਕਾਨਦਾਰੀ ਦਾ ਰਿਵਾਜ ਨਹੀਂ ਸੀ ਨਾਂ ਹੀ ਕੋਈ ਜੱਟਾਂ ਦਾ ਮੁੰਡਾ ਪ੍ਰਿੰਟਿੰਗ ਪ੍ਰੈਸ ਦਾ ਕੰਮ ਕਰਦਾ ਸੀ। ਮੈਨੂੰ ਕਈਆਂ ਨੇ ਕਿਹਾ ਕਿ ਤੂੰ ਲਾਲਿਆਂ ਵਾਲਾ ਕੰਮ ਕਿਉਂ ਸ਼ੁਰੂ ਕਰ ਲਿਆ? ਮੈਨੂੰ ਉਸ ਵਿੱਚ ਕਾਮਯਾਬੀ ਮਿਲੀ। ਦੂਜਿਆਂ ਨੂੰ ਮੌਕਾ ਇਸ ਕਰਕੇ ਨਹੀਂ ਮਿਲਿਆ ਕਿਉਂਕਿ ਉਹ ਉਸ ਦੀ ਭਾਲ ਵਿੱਚ ਨਹੀਂ ਸਨ।

ਵਿਦੇਸ਼ (ਨਿਊਜ਼ੀਲੈਂਡ) ਆਇਆ ਤਾਂ ਭਾਲ ਕੰਮ ਦੀ ਸੀ। ਉਨ੍ਹਾਂ ਦਿਨਾਂ ਵਿੱਚ ਹਰ ਘਰ ਵਿੱਚ ਲੋਕਲ ਅੰਗਰੇਜ਼ੀ ਦੀ ਅਖ਼ਬਾਰ ਮੁਫ਼ਤ ਆਉਂਦੀ ਹੁੰਦੀ ਸੀ। ਅਖ਼ਬਾਰ ਦੇ ਸਾਰੇ ਵਰਕੇ ਬਿਨਾਂ ਪੜ੍ਹਿਆਂ ਹੀ ਉਲਟਾ ਦੇਣੇ ਅਤੇ ਸਿਰਫ ਉਹੀ ਵਰਕਾ ਪੜ੍ਹਨਾ ਜਿਸ ਵਿੱਚ ਜੌਬਾਂ (Jobs) ਦੀ ਜਾਣਕਾਰੀਹੋਵੇ। ਜੋ ਮੌਕੇ ਹੋਰ ਵਰਕਿਆਂ ਵਿੱਚ ਸਨ ਉਹ ਵੀ ਮੈਂ ਗੁਆਏ ਹੋਣਗੇ ਕਿਉਂਕਿ ਮੈਂ ਉਨ੍ਹਾਂ ਦੀ ਭਾਲ ਨਹੀਂ ਕਰ ਰਿਹਾ ਸੀ। ਕੁੱਝ ਚਿਰ ਬਾਦ ਪੱਕੀ ਜੌਬ ਮਿਲ ਗਈ ਅਤੇ ਮੈਂ ਅਖ਼ਬਾਰ ਪੜ੍ਹਨੀ ਛੱਡ ਦਿੱਤੀ।

ਕੁੱਝ ਸਮਾਂ ਬੀਤਣ ਤੋਂ ਬਾਦ ਮੈਂ ਕਾਰਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਮੈਂ ਉਸ ਅਖ਼ਬਾਰ ਦੇ ਸਾਰੇ ਵਰਕੇ ਛੱਡ ਦੇਣੇ ਤੇ ਇਕੱਲਾ ਕਾਰਾਂ ਵਾਲਾ ਵਰਕਾ ਹੀ ਪੜ੍ਹਨਾ ਜਿਸ ਵਿਚੋਂ ਸਸਤੀਆਂ ਕਾਰਾਂ ਲੱਭਣ। ਉਹ ਕੰਮ ਵੀ ਵਧੀਆ ਚੱਲਿਆ। ਹੁਣ ਇੱਥੇ ਦੇਖਣ ਦੀ ਲੋੜ ਹੈ ਕਿ ਕਾਰਾਂ ਤਾਂ ਉਸ ਵੇਲੇ ਵੀ ਵਿਕਣ ਵਾਸਤੇ ਅਖ਼ਬਾਰ ਵਿੱਚ ਆਉਂਦੀਆਂ ਸਨ ਜਦੋਂ ਮੈਂ ਜੌਬ ਲੱਭਦਾ ਹੁੰਦਾ ਸੀ। ਉਸ ਵੇਲੇ ਕਾਰਾਂ ਖਰੀਦਣ ਵੇਚਣ ਦਾ ਮੌਕਾ ਮੈਂ ਗੁਆ ਲਿਆ ਕਿਉਂਕਿ ਮੈਂ ਉਸ ਮੌਕੇ ਦੀ ਭਾਲ ਵਿੱਚ ਨਹੀਂ ਸੀ।

ਕਾਰਾਂ ਦੇ ਕੰਮ ਤੋਂ ਬਾਦ ਮੈਂ ਘਰਾਂ ਵਾਸਤੇ ਆਮ ਵਰਤੋਂ ਵਾਲੀਆਂ ਚੀਜ਼ਾਂ ਖਰੀਦ ਕੇ ਵੇਚਣ ਲੱਗ ਪਿਆ। ਫਿਰ ਮੈਂ ਅਖ਼ਬਾਰ ਵਿੱਚੋਂ ਇਕੱਲਾ ਉਹ ਹੀ ਵਰਕਾ ਪੜ੍ਹਨਾ ਜਿਸ ਤੇ ਉਹ ਚੀਜ਼ਾਂ ਵਿਕਰੀ 'ਤੇ ਹੋਣ। ਉਹ ਕੰਮਕਾਰਾਂ ਵੇਚਣ ਨਾਲੋਂ ਵੀ ਵਧੀਆ ਸੀ। ਹੈਰਾਨੀ ਇਸ ਗੱਲ ਦੀ ਹੈ ਕਿ ਉਸੇ ਅਖ਼ਬਾਰ ਵਿਚੋਂ ਇਹ ਕੰਮ ਮੈਨੂੰ ਪਹਿਲਾਂ ਕਿਉਂ ਨਹੀਂ ਦਿਸਿਆ? ਉਹ ਇਸ ਕਰਕੇ ਕਿ ਉਸ ਵੇਲੇ ਮੈਂ ਇਸ ਮੌਕੇ ਦੀ ਭਾਲ ਵਿੱਚ ਨਹੀਂ ਸੀ।

ਇਸ ਕੰਮ ਤੋਂ ਬਾਦ ਮੈਂ ਭਾਰਤੀ ਲੇਡੀਜ਼ ਫੈਸ਼ਨ (ਔਰਤਾਂ ਦੇ ਸੂਟ) ਵੇਚਣੇ ਸ਼ੁਰੂ ਕਰ ਦਿੱਤੇ। ਲੋਕਲ ਅਖ਼ਬਾਰ ਵਿਚੋਂ ਉਹ ਮਿਲਦੇ ਨਹੀਂ ਸੀ ਇਸ ਕਰਕੇ ਮੈਂ ਅਖ਼ਬਾਰ ਪੜ੍ਹਨੀ ਛੱਡ ਦਿੱਤੀ ਅਤੇ ਭਾਰਤ ਦੀਆਂ ਅਖਬਾਰਾਂ ਇਸ ਜਾਣਕਾਰੀ ਲਈ ਪੜ੍ਹਨੀਆਂ ਸ਼ੁਰੂ ਕੀਤੀਆਂ। ਉਹ ਕੰਮ ਵੀ ਬਹੁਤ ਵਧੀਆ ਚੱਲਿਆ। ਹੁਣ ਦੇਖਣ ਦੀ ਗੱਲ ਇਹ ਹੈ ਕਿ ਮੈਂ ਭਾਰਤ ਵਿੱਚੋਂ ਹੀ ਆਇਆ ਸੀ ਤੇ ਮੈਨੂੰ ਇਸ ਮੌਕੇ ਦਾ ਪਹਿਲਾਂ ਕਿਉਂ ਨਹੀਂ ਪਤਾ ਲੱਗਿਆ? ਉਹ ਇਸ ਕਰਕੇ ਕਿ ਪਹਿਲਾਂ ਮੈਂ ਇਸ ਦੀ ਭਾਲ ਵਿੱਚ ਨਹੀਂ ਸੀ।

ਉਪਰੋਕਤ ਕੰਮ ਤੋਂ ਬਾਦ ਮੈਂ ਘਰ ਵੇਚਣ ਅਤੇ ਖਰੀਦਣ ਦਾ ਕੰਮ ਸ਼ੁਰੂ ਕਰ ਲਿਆ ਅਤੇ ਉਹੀ ਪੁਰਾਣੀ ਲੋਕਲ ਅਖ਼ਬਾਰ ਫਿਰ ਪੜ੍ਹਨ ਲੱਗ ਪਿਆ। ਹੁਣ ਮੈਂ ਅਖ਼ਬਾਰ ਦੇ ਵਿੱਚ ਸਿਰਫ ਘਰਾਂ ਦੀ ਵਿਕਰੀ ਵਾਲੇ ਹੀ ਵਰਕੇ ਪੜ੍ਹਦਾ ਹੁੰਦਾ ਸੀ। ਇਸ ਕੰਮ ਵਿੱਚ ਮੈਨੂੰ ਪਿਛਲੇ ਸਾਰੇ ਕੰਮਾਂ ਨਾਲੋਂ ਵੱਧ ਪੈਸੇ ਬਚਣ ਲੱਗ ਪਏ। ਹੈਰਾਨੀ ਹੁਣ ਵੀ ਮੈਨੂੰ ਇਹੀ ਸੀ ਕਿ ਅਖ਼ਬਾਰ ਵਿੱਚ ਘਰ ਤਾਂ ਪਹਿਲਾਂ ਵੀ ਵਿਕਰੀ ਵਾਸਤੇ ਆਉਂਦੇ ਸਨ ਪਰ ਮੈਨੂੰ ਕਿਉਂ ਨਹੀਂ ਦਿਸੇ? ਉਹ ਸਿਰਫ ਇਸ ਕਰਕੇ ਕਿ ਮੈਂ ਇਸ ਮੌਕੇ ਦੀ ਭਾਲ ਵਿੱਚ ਨਹੀਂ ਸੀ।

ਔਕਲੈਂਡ ਸ਼ਹਿਰ ਦੇ ਜ਼ਿਆਦਾ ਪੰਜਾਬੀ ਮੇਰੀ ਕੀਵੀ ਫਰੂਟ ਦੀ ਕੰਪਨੀ ਵਿੱਚ ਕੰਮ ਕਰਦੇ ਹੁੰਦੇ ਸੀ। ਉਨ੍ਹਾਂ ਨੂੰ ਹਰ ਰੋਜ਼ ਇੱਕ ਘੰਟੇ ਦਾ ਸਫ਼ਰ ਕਰ ਕੇ ਪੁਕੀਕੋਹੀ ਦੇ ਇਲਾਕਿਆਂ ਵਿੱਚ ਕੰਮ ਕਰਨ ਵਾਸਤੇ ਆਉਣਾ ਪੈਂਦਾ ਸੀ ਅਤੇ ਮੈਂ ਘਰ ਖਰੀਦਣ ਪੁਕੀਕੋਹੀ ਤੋਂ ਉਨ੍ਹਾਂ ਦੇ ਘਰਾਂ ਵੱਲ ਔਕਲੈਂਡ ਜਾਂਦਾ ਹੁੰਦਾ ਸੀ। ਬਹੁਤ ਵਾਰ ਅਸੀਂ ਇੱਕ ਦੂਜੇ ਨੂੰ ਰਸਤੇ ਵਿੱਚ ਮਿਲਦੇ ਹੁੰਦੇ ਸੀ। ਹੈਰਾਨੀ ਇਸ ਗੱਲ ਦੀ ਸੀ ਕਿ ਮੈਂ ਉਨ੍ਹਾਂ ਦੇ ਘਰਾਂ ਲਾਗੇ ਜਾ ਕੇ ਪੈਸੇ ਵੱਡੀ ਗਿਣਤੀ ਵਿੱਚ ਬਣਾ ਲੈਂਦਾ ਸੀ ਅਤੇ ਉਹ ਮੇਰੇ ਘਰ ਦੇ ਲਾਗੇ ਆ ਕੇ ਕੰਮ ਕਰਦੇ ਹੁੰਦੇ ਸੀ। ਹੈਰਾਨੀ ਫਿਰ ਇਹੀ ਹੈ ਕਿ ਜਿਹੜੇ ਘਰ ਮੈਂ ਉਨ੍ਹਾਂ ਦੇ ਘਰਾਂ ਦੇ ਲਾਗੇ ਜਾ ਕੇ ਖਰੀਦ ਵੇਚ ਲੈਂਦਾ ਸੀ ਉਹ ਉਨ੍ਹਾਂ ਨੂੰ ਕਿਉਂ ਨਹੀਂ ਦਿਸਦੇ ਸਨ? ਜਵਾਬ ਫਿਰ ਉਹੀ ਹੈ ਕਿ ਉਹ ਉਸ ਮੌਕੇ ਦੀ ਭਾਲ ਵਿੱਚ ਨਹੀਂ ਸਨ।

ਫਿਰ ਮੈਂ ਘਰਾਂ ਦੀਆਂ ਬੋਲੀਆਂ/ਨਿਲਾਮੀਆਂ (Auctions) ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਘਰਾਂ ਦੀ ਵਿਕਰੀ ਬੈਂਕ ਦੁਆਰਾ (mortgagee sales) ਨਿਲਾਮੀ ਦੇ ਤੌਰ 'ਤੇ ਹੁੰਦੀ ਸੀ। ਮੈਂ ਸਭ ਤੋਂ ਵੱਧ ਬੋਲੀ ਦੇ ਕੇ ਘਰ ਖਰੀਦ ਲੈਂਦਾ ਸੀ ਪਰ ਦੂਸਰੇ ਮੇਰੇ ਮੁਕਾਬਲੇ ਵੱਧ ਪੈਸੇ ਦੇਣ ਨੂੰ ਤਿਆਰ ਨਹੀਂ ਹੁੰਦੇ ਸੀ। ਉਹ ਵੀ ਇਸ ਕਰਕੇ ਕਿ ਜੋ ਮੈਂ ਘਰ ਵਿੱਚ ਦੇਖਦਾ ਸੀ ਉਹ ਉਨ੍ਹਾਂ ਨੂੰ ਨਹੀਂ ਦਿਸਦਾ ਸੀ ਅਤੇ ਜੋ ਉਹ ਦੇਖਦੇ ਸਨ ਉਸ ਨੂੰ ਮੈਂ ਨਹੀਂ ਦੇਖਦਾ ਸੀ। ਇਸ ਕਰਕੇ ਉਹ ਮੌਕਾ ਗੁਆ ਲੈਂਦੇ ਸਨ। ਮੈਂ ਦੇਖਦਾ ਸੀ ਕਿ ਘਰ ਵੱਧ ਤੋਂ ਵੱਧ ਟੁੱਟਿਆ ਜਾਂ ਗਲਿਆ ਹੋਇਆ ਹੋਵੇ ਅਤੇ ਮਾੜੇ ਇਲਾਕੇ ਵਿੱਚ ਹੋਵੇ ਜਿੱਥੇ ਚੋਰੀਆਂ ਹੁੰਦੀਆਂ ਹੋਣ ਅਤੇ ਲੜਾਈਆਂ ਵੀ ਹੁੰਦੀਆਂ ਹੋਣ। ਦੂਸਰੇ ਬੋਲੀ ਦੇਣ ਵਾਲੇ ਦੇਖਦੇ ਸੀ ਕਿ ਘਰ ਵਧੀਆ ਹਾਲਤ ਵਿੱਚ ਹੋਵੇ, ਵਧੀਆ ਇਲਾਕੇ ਵਿੱਚ ਹੋਵੇ, ਟੁੱਟਿਆ ਹੋਇਆ ਨਾ ਹੋਵੇ ਅਤੇ ਆਲੇ-ਦੁਆਲੇ ਚੰਗੇ ਲੋਕ ਰਹਿੰਦੇ ਹੋਣ। ਇਸ ਕਰਕੇ ਨਿਲਾਮੀ ਵਿੱਚ ਖਰਾਬ ਹੋਏ ਘਰ ਮੈਨੂੰ ਸਸਤੇ ਮਿਲ ਜਾਂਦੇ ਸਨ ਪਰ ਉਨ੍ਹਾਂ ਵਿੱਚ ਪੈਸਾ ਮੈਨੂੰ ਵਧੀਆ ਘਰਾਂ ਨਾਲੋਂ ਵੱਧ ਬਚ ਜਾਂਦਾ ਸੀ। ਇਸ ਤਰਾਂ ਕਿਉਂ ਹੁੰਦਾ ਸੀ? ਮੌਕਾ ਤਾਂ ਸਭ ਵਾਸਤੇ ਟੁੱਟੇ ਘਰ ਖਰੀਦਣ ਦਾ ਵੀ ਸੀ। ਇਸ ਦਾ ਵੀ ਜਵਾਬ ਇਹੀ ਹੈ ਕਿ ਦੂਜੇ ਉਸ ਮੌਕੇ ਦੀ ਭਾਲ ਵਿੱਚ ਨਹੀਂ ਸਨ ਜਿਸ ਮੌਕੇ ਦੀ ਭਾਲ ਵਿੱਚ ਮੈਂ ਸੀ।

ਉਪਰੋਕਤ ਸਭ ਉਦਾਹਰਣਾਂ ਦੇਖ ਕੇ ਆਪਾਂ ਕਹਿ ਸਕਦੇ ਹਾਂ ਕਿ ਸਾਨੂੰ ਮੌਕਾ ਤਾਂ ਮਿਲਦਾ ਹੈ ਜੇ ਅਸੀਂ ਉਸ ਦੀ ਭਾਲ ਵਿੱਚ ਹਾਂ।

ਮੌਕੇ ਸਾਰੇ ਦੇਸ਼ਾਂ ਵਿੱਚ ਹੀ ਹੁੰਦੇ ਹਨ ਪਰ ਉਹ ਮੌਕੇ ਵੱਖਰੀਆਂ-ਵੱਖਰੀਆਂ ਚੀਜ਼ਾਂ ਵਿੱਚ ਹੁੰਦੇ ਹਨ। ਇਹ ਜ਼ਰੂਰੀ ਨਹੀਂ ਕਿ ਜਿਹੜੇ ਮੌਕੇ ਨਿਊਜ਼ੀਲੈਂਡ ਵਿੱਚ ਹੋਣ ਉਹ ਹੀ ਭਾਰਤ ਵਿੱਚ ਜਾਂ ਹੋਰ ਕਿਸੇ ਮੁਲਕ ਵਿੱਚ ਹੋਣ। ਇਹ ਜ਼ਰੂਰ ਹੈ ਕਿ ਮੌਕਿਆਂ ਦੀ ਘਾਟ ਨਹੀਂ ਹੈ।

ਵਿਦੇਸ਼ਾਂ ਵਿੱਚ ਆ ਕੇ ਬਹੁਤੇ ਲੋਕ ਜੌਬਾਂ ਹੀ ਲੱਭਦੇ ਰਹਿੰਦੇ ਹਨ ਅਤੇ ਦੂਜੇ ਸਭ ਮੌਕਿਆਂ ਨੂੰ ਗੁਆ ਦਿੰਦੇ ਹਨ ਜਦ ਕਿ ਦੂਜਿਆਂ ਕੰਮਾਂ ਵਿੱਚ ਵੱਧ ਪੈਸੇ ਬਣਾਉਣ ਦੇ ਮੌਕੇ ਹੁੰਦੇ ਹਨ।

ਮੇਰਾ ਵਿਚਾਰ ਹੈ ਕਿ ਸਾਨੂੰ ਆਪਣਾ ਦਿਮਾਗ ਅਤੇ ਅੱਖਾਂ ਹਮੇਸ਼ਾਂ ਖੁੱਲ੍ਹੀਆਂ ਰੱਖਣੀਆਂ ਚਾਹੀਦੀਆਂ ਹਨ ਤਾਂ ਕਿ ਇਹ ਵੱਧ ਤੋਂ ਵੱਧ ਮੌਕਿਆਂ ਦੀ ਭਾਲ ਕਰ ਸਕਣ।

ਨੋਟ :- ਰੱਬ 'ਤੇ ਯਕੀਨ ਜਾਂ ਕਿਸਮਤ'ਤੇ ਯਕੀਨ ਰੱਖਣ ਨਾਲ ਵੀ ਤੁਸੀਂ ਬਹੁਤ ਸਾਰਿਆਂ ਮੌਕਿਆਂ ਤੋਂ ਵਾਂਝੇ ਰਹਿ ਜਾਂਦੇ ਹੋ। ਤੁਹਾਡੀ ਤਰੱਕੀ ਵਿੱਚ ਰੱਬ ਜਾਂ ਕਿਸਮਤ ਦਾ ਕੋਈ ਯੋਗਦਾਨ ਨਹੀਂ ਹੈ ਪਰ ਤੁਹਾਨੂੰ ਪਿੱਛੇ ਰੱਖਣ ਵਿੱਚ ਰੱਬ ਅਤੇ ਕਿਸਮਤ ਦਾ ਪੂਰਾ ਯੋਗਦਾਨ ਹੁੰਦਾ ਹੈ।

# ਵਿਸਾਖੀ ਦੀ ਸੁੱਚੀ ਭਾਵਨਾ

(ਹਰਦੇਵ ਬਰਾੜ)



ਉਂਝ ਤਾਂ ਤਿੱਥ, ਤਿਉਹਾਰ ਤੇ ਮੇਲੇ ਪੰਜ ਪਾਣੀਆਂ ਦੀ ਧਰਤੀ ਦੇ ਜਾਇਆਂ ਲਈ ਸਾਰੇ ਹੀ ਰੂਹ ਦੀ ਖ਼ੁਰਾਕ ਰਹੇ ਹਨ ਪਰ ਵਿਸਾਖੀ ਦੇ ਤਿਉਹਾਰ ਦੀ ਪੰਜਾਬੀਆਂ ਲਈ ਆਪਣੀ ਹੀ ਖਿੱਚ ਤੇ ਮਹੱਤਤਾ ਰਹੀ ਹੈ। ਜਿਉਂ-ਜਿਉਂ ਵਿਸਾਖੀ ਦਾ ਦਿਨ ਨੇੜੇ ਆਉਂਦਾ ਜਾਂਦਾ ਹੈ, ਤਿਉਂ-ਤਿਉਂ ਕਣਕਾਂ ਦੀਆਂ ਬੱਲੀਆਂ, ਸੋਨ ਸੁਨਹਿਰੀ ਰੰਗਾਂ 'ਚ ਰੰਗੀਆਂ ਤੁਰੀਆਂ ਜਾਂਦੀਆਂ ਹਨ। ਜਿਉਂ-ਜਿਉਂ ਕਣਕਾਂ ਸੁਨਹਿਰੀ ਭਾਅ ਮਾਰਨ ਲੱਗਦੀਆਂ ਹਨ ਤਿਉਂ-ਤਿਉਂ ਖੇਤਾਂ ਦੇ ਪੁੱਤਰਾਂ ਨੂੰ ਸਰੂਰ ਚੜ੍ਹਦਾ ਜਾਂਦਾ ਹੈ, ਇੱਕ ਅਵੱਲੇ ਨਸ਼ੇ ਨਾਲ ਧਰਤੀ ਨਸ਼ਿਆ ਗਈ ਲੱਗਦੀ ਹੈ ਤੇ ਆਪਣੀ ਛੇ ਮਹੀਨਿਆਂ ਦੀ ਕਿਰਤ-ਕਮਾਈ ਨੂੰ ਸਮੇਟ ਕੇ ਸੁੱਖੀ ਸਾਂਦੀ ਘਰ ਲੈ ਜਾਣ ਲਈ ਵਿਸਾਖੀ ਦੀ ਬੇਸਬਰੀ ਨਾਲ ਉਡੀਕ ਖੇਤਾਂ ਦੇ ਪੁੱਤਰਾਂ ਨੂੰ ਮੁੱਦਤਾਂ ਤੋਂ ਹੀ ਰਹੀ ਹੈ। ਕਿਉਂ ਜੋ ਵਿਸਾਖੀ ਹੀ ਉਹ ਦਿਨ ਹੈ ਜਿਸ ਦਿਨ ਘੁੰਗਰੂਆਂ ਜੜੀ ਦਾਤਰੀ ਕਣਕਾਂ ਨੂੰ ਪੈਂਦੀ ਹੈ। ਏਸੇ ਲਈ ਕਿਹਾ ਜਾਂਦਾ ਹੈ ਕਿ ਵਿਸਾਖੀ ਖ਼ੁਸ਼ੀਆਂ-ਖੇੜੇ ਲੈ ਕੇ ਆਉਂਦੀ ਹੈ।

ਸੁੱਚੀ ਕਿਰਤ ਦਾ ਪ੍ਰਤੀਕ ਵਿਸਾਖੀ ਦਾ ਦਿਹਾੜਾ ਪੰਜਾਬੀ ਸਮਾਜ ਲਈ ਉਸ ਵੇਲੇ ਇਤਿਹਾਸਕ ਮਹੱਤਤਾ ਗ੍ਰਹਿਣ ਕਰ ਗਿਆ ਜਦੋਂ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਨੇ 'ਖੰਡੇ ਦੀ ਪਹੁਲ' ਦੇ ਕੇ ਖਾਲਸਾ ਫੌਜ ਦੀ ਸਾਜਨਾ ਕੀਤੀ। ਆਨੰਦਪੁਰ ਦੀ ਧਰਤੀ 'ਤੇ ਖਾਲਸੇ ਦੀ ਸਿਰਜਣਾ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਦੇ ਇੱਕੋ ਝਟਕੇ ਨਾਲ ਸਦੀਆਂ ਤੋਂ ਪਾਈਆਂ ਜਾਤ-ਪਾਤ ਦੀਆਂ ਵੰਡੀਆਂ ਨੂੰ ਮਿਟਾ ਦੇਣ ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਨੂੰ ਹਕੀਕੀ ਰੂਪ ਦੇਣ ਦੀ ਕਹਾਣੀ ਦਾ ਮੁੱਢ ਬੰਨ੍ਹਿਆ। ਉਸ ਦਿਨ ਗੁਰੂ ਜੀ ਨੇ ਪੰਜ ਪਿਆਰਿਆਂ ਹੱਥੋਂ ਅੰਮ੍ਰਿਤ ਛਕ ਕੇ 'ਆਪੇ ਗੁਰੂ-ਚੇਲਾ' ਦੀ ਨਵੀਂ ਜਮਹੂਰੀ ਪ੍ਰੰਪਰਾ ਦਾ ਮੁੱਢ ਵੀ ਬੰਨ੍ਹਿਆ। ਇੰਝ ਕਰਕੇ ਗੁਰੂ ਜੀ ਨੇ ਸਦੀਆਂ ਤੋਂ ਸ਼ੂਦਰ ਤੇ ਅਛੂਤ ਸਮਝੇ ਜਾਂਦੇ ਨਿਮਾਣੇ ਤੇ ਨਿਤਾਣੇ ਲੋਕਾਂ ਨੂੰ ਹੋਕਾ ਦਿੱਤਾ ਕਿ ਜੇਕਰ ਤੁਸੀਂ ਸੱਚਮੁੱਚ ਹੀ ਗੁਲਾਮੀ ਦੇ ਸੰਗਲ ਤੋੜ ਕੇ ਅਜ਼ਾਦੀ ਤੇ ਬਰਾਬਰੀ ਦਾ ਨਿੱਘ ਮਾਨਣਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੇ ਅੰਦਰ ਦੀ ਤਾਕਤ ਪਹਿਚਾਨਣੀ ਹੋਵੇਗੀ, ਆਪਣੀ ਅਣਖ ਨੂੰ ਜਗਾਉਣਾ ਹੋਵੇਗਾ ਤੇ ਹਥਿਆਰਾਂ ਨੂੰ ਹੱਥ ਪਾਉਣਾ ਹੋਵੇਗਾ। ਤੇ ਇੰਝ 1699 ਤੋਂ ਬਾਅਦ ਵਿਸਾਖੀ ਦਾ ਦਿਹਾੜਾ ਪੰਜਾਬੀ ਤੇ ਸਿੱਖ ਲੋਕਾਈ ਲਈ ਇੱਕ ਪਵਿੱਤਰ ਇਤਿਹਾਸਕ ਦਿਹਾੜਾ ਬਣ ਗਿਆ।

ਵਿਸਾਖੀ ਦੇ ਦਿਹਾੜੇ ਦੀ ਇਤਿਹਾਸਕ ਮਹੱਤਤਾ ਵਿਚ ਇੱਕ ਹੋਰ ਵਾਧਾ ਉਦੋਂ ਹੋਇਆ ਜਦੋਂ 13 ਅਪ੍ਰੈਲ 1919 ਨੂੰ ਵਿਸਾਖੀ ਦੇ ਦਿਹਾੜੇ 'ਤੇ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ 'ਜ਼ਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ' ਰਚਿਆ ਗਿਆ। ਉਸ ਦਿਨ ਜ਼ਲ੍ਹਿਆਂ ਵਾਲੇ ਬਾਗ ਦਾ ਦ੍ਰਿਸ਼ ਇੱਕ ਨਿਵੇਕਲਾ ਹੀ ਦ੍ਰਿਸ਼ ਸੀ। ਦ੍ਰਿਸ਼, ਜਿਹੜਾ ਭਾਰਤੀ ਲੋਕਾਂ ਨੂੰ ਗੁਲਾਮ ਬਣਾਈ ਬੈਠੇ ਬਰਤਾਨਵੀ ਸਾਮਰਾਜਵਾਦੀਆਂ ਨੂੰ ਫੁੱਟੀ ਅੱਖ ਵੀ ਨਹੀਂ ਸੀ ਭਾਉਣ ਵਾਲਾ। ਉਸ ਦਿਨ 'ਪਾੜੋ ਤੇ ਰਾਜ ਕਰੋ' ਦੀ ਅੰਗਰੇਜ਼ੀ ਹਾਕਮਾਂ ਦੀ ਨੀਤੀ ਨੂੰ ਠੁੱਠ ਵਿਖਾਉਂਦੇ ਹੋਏ ਹਜ਼ਾਰਾਂ ਹਿੰਦੂ, ਮੁਸਲਿਮ, ਸਿੱਖ ਜ਼ਲ੍ਹਿਆਂ ਵਾਲੇ ਬਾਗ ਵਿਚ ਇਕੱਤਰ ਹੋਏ ਸਨ। ਪਰ ਉਹ ਸਿਰਫ਼ ਵਿਸਾਖੀ ਨੂੰ ਰਵਾਇਤੀ ਢੰਗ ਨਾਲ ਮਨਾਉਣ ਲਈ ਹੀ ਇਕੱਤਰ ਨਹੀਂ ਸਨ ਹੋਏ ਸਗੋਂ ਅੰਗਰੇਜ਼ ਹਕੂਮਤ ਦੇ ਜ਼ੁਲਮੀਂ ਕਦਮਾਂ ਦਾ ਵਿਰੋਧ ਕਰਨ ਲਈ, ਆਪਣੀ ਕੌਮੀ ਤਹਿਰੀਕ ਦੇ ਆਗੂਆਂ ਡਾ. ਕਿਚਲੂ ਤੇ ਡਾ. ਸੱਤਿਆਪਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਲਈ ਅਤੇ 9 ਅਪ੍ਰੈਲ ਨੂੰ ਸ਼ਹਿਰ ਦੇ ਉੱਚੇ ਪੁਲ 'ਤੇ ਅੰਗਰੇਜ਼ਾਂ ਵੱਲੋਂ ਲੋਕਾਂ 'ਤੇ ਚਲਾਈ ਗੋਲੀ ਦਾ ਜੁਆਬ ਦੇਣ ਲਈ ਵੀ ਜੁੜੇ ਸਨ। ਬੱਚੇ, ਬੁੱਢੇ, ਨੌਜਵਾਨਾਂ ਤੇ ਔਰਤਾਂ ਦਾ ਇੱਕ ਵਗਦਾ ਦਰਿਆ ਜ਼ਲ੍ਹਿਆਂ ਵਾਲੇ ਬਾਗ ਨੂੰ ਹੋ ਤੁਰਿਆ ਸੀ।

ਧਾਰਮਿਕ ਵੰਡ-ਵਖਰੇਵਿਆਂ ਦੀਆਂ ਦੀਵਾਰਾਂ ਨੂੰ ਤੋੜ ਕੇ ਪ੍ਰਗਟਾਈ ਜਾ ਰਹੀ ਏਕਤਾ ਤੇ ਭਾਈਚਾਰਕ ਸਾਂਝ ਦਾ ਇਹ ਇਕੱਠ ਅੰਗਰੇਜ਼ ਹਕੂਮਤ ਨੂੰ ਕਿਵੇਂ ਵੀ ਪ੍ਰਵਾਨ ਨਹੀਂ ਸੀ। ਕੌਮੀ ਅਜ਼ਾਦੀ ਦੀ ਲਹਿਰ ਵਧਦੀ ਜਾ ਰਹੀ ਸੀ, ਅੰਮ੍ਰਿਤਸਰ ਸ਼ਹਿਰ ਵਿਚ ਚਾਰ ਦਿਨਾਂ ਤੋਂ ਹੜਤਾਲ ਹੋਈ ਪਈ ਸੀ। ਵਧਦੀ ਹੋਈ ਇਹ ਲਹਿਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੂੰ ਵੱਢ-ਵੱਢ ਖਾਈ ਜਾ ਰਹੀ ਸੀ। ਇਸ ਲਈ ਉਸਨੇ ਆਪਣੇ ਪਾਲਤੂ ਅਫ਼ਸਰ ਜਨਰਲ ਡਾਇਰ ਨੂੰ ਵਿਸ਼ੇਸ਼ ਤੌਰ 'ਤੇ ਘੱਲਿਆ ਸੀ।

ਜਨਰਲ ਡਾਇਰ ਦੇ ਇੱਕੋ ਸ਼ਬਦ 'ਫਾਇਰ' ਨੇ ਜ਼ਲ੍ਹਿਆਂ ਵਾਲੇ ਬਾਗ ਦੀ ਧਰਤੀ ਖ਼ੂਨ ਨਾਲ ਲੱਥਪੱਥ ਕਰ ਦਿੱਤੀ ਸੀ। ਇਹ ਕੋਈ ਜੰਗ ਦਾ ਮੈਦਾਨ ਨਹੀਂ ਸੀ। ਇੱਕ ਪਾਸੇ ਨਿਹੱਥੇ ਲੋਕ ਸਨ ਤੇ ਦੂਜੇ ਬੰਨੇ ਬਾਰੂਦ ਹੀ ਬਾਰੂਦ ਸੀ। ਇਸੇ ਲਈ ਹਰ ਪਾਸੇ ਖ਼ੂਨ ਹੀ ਖ਼ੂਨ ਸੀ ਜਾਂ ਲਾਸ਼ਾਂ ਤੇ ਫੱਟੜਾਂ ਦੇ ਢੇਰ ਸਨ। ਅੰਮ੍ਰਿਤਸਰ ਦੀ ਵਿਸਾਖੀ ਉਸ ਦਿਨ ਖ਼ੂਨੀ ਵਿਸਾਖੀ ਹੋ ਨਿੱਬੜੀ ਸੀ।

ਮਨਾਈ ਤਾਂ ਵਿਸਾਖੀ ਭਾਵੇਂ ਅੱਜ ਵੀ ਜਾਂਦੀ ਹੈ ਪਰ ਇੰਝ ਜਾਪਦਾ ਹੈ ਜਿਵੇਂ ਵਿਸਾਖੀ ਦੀ ਰੂਹ ਜ਼ਮਾਨੇ ਦੀ ਅਧੁਨਿਕਤਾ ਦੀ ਰਫ਼ਤਾਰ ਵਿਚ ਕਿਧਰੇ ਗੁਆਚ ਗਈ ਹੋਵੇ। ਇਹ ਮਹਿਜ਼ ਇੱਕ ਮੇਲੇ ਦਾ ਰੂਪ ਬਣ ਕੇ ਰਹਿ ਗਈ ਹੈ। ਸ਼ਾਇਦ ਅਸੀਂ ਗੁਰੂ ਗੋਬਿੰਦ ਸਿੰਘ ਵੱਲੋਂ 'ਖਾਲਸੇ ਦੀ ਸਿਰਜਣਾ' ਪਿੱਛੇ ਦਾ ਜਾਤ ਪਾਤ ਦੇ ਬੰਧਨ ਤੋੜਨ ਦਾ ਮਕਸਦ ਵੀ ਭੁੱਲ ਗਏ ਹਾਂ ਅਤੇ ਜ਼ਲ੍ਹਿਆਂ ਵਾਲੇ ਬਾਗ ਦਾ ਕੌਮੀ ਏਕਤਾ ਤੇ ਸਾਮਰਾਜਵਾਦ ਵਿਰੋਧ ਦਾ ਪੈਗ਼ਾਮ ਵੀ ਭੁੱਲਦੇ ਜਾ ਰਹੇ ਹਾਂ। ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਵਿਸਾਖੀ ਦੇ ਦਿਹਾੜੇ 'ਤੇ ਆਨੰਦਪੁਰ ਸਾਹਿਬ ਜਾਂ ਕਿਤੇ ਵੀ ਹੋਰ ਗੁਰੂ ਘਰ ਦੇ ਦਰਸ਼ਨ ਕਰਨ ਨਾਲ ਜਾਂ ਮੰਨਤਾਂ ਮੰਗਣ ਨਾਲ ਹੀ ਸਾਨੂੰ ਮੁਕਤੀ ਨਹੀਂ ਮਿਲ ਜਾਣੀ ਅਤੇ ਨਾ ਹੀ ਉਸ ਮਹਾਨ ਗੁਰੂ ਦਾ ਆਸ਼ੀਰਵਾਦ ਪ੍ਰਾਪਤ ਹੋਣਾ ਹੈ ਜਿਸਨੇ ਜਬਰ ਜ਼ੁਲਮ ਦੇ ਖਾਤਮੇ ਅਤੇ ਮਾਨਵਤਾ ਦੀ ਮੁਕਤੀ ਦੇ ਸੰਗਰਾਮ ਵਿਚ ਆਪਣਾ ਸਰਬੰਸ ਵਾਰ ਦਿੱਤਾ ਸੀ। ਇਸ ਲਈ ਐਤਕੀਂ ਆਓ ਅਸੀਂ ਵਿਸਾਖੀ ਨੂੰ ਮਨਾਉਂਦੇ ਹੋਏ ਵਿਸਾਖੀ ਦੀ ਕਿਰਤ ਦੀ ਸੁੱਚਤਾ ਤੇ ਕਿਰਤ ਦੀ ਉੱਚਤਾ ਦੀ ਭਾਵਨਾ ਨਾਲ ਆਪਣੇ ਹਿਰਦਿਆਂ ਨੂੰ ਸਰੋਵਾਰ ਕਰੀਏ।






THE
FINANCE HUB
LEADING THE WAY

Our Services

First home buyers
Property investors
Refinancing
Restructuring and debt consolidation
Construction funding
Commercial & Business Lending
Low-doc & Private Lending

Get in touch today!

0800 346 482







**Falgun Patel**
Mortgage Adviser
0211 054 718
falgun@financehub.co.nz

**Roshni Patel**
Mortgage Adviser
0211 784 183
roshni@financehub.co.nz

**Manish Sachdeva**
Mortgage Adviser
0211 026 429
manish@financehub.co.nz

WWW.FINANCEHUB.CO.NZ

206 Stoddard Road, Mount Roskill, Auckland
15 Jack Conway Avenue, Manukau, Auckland

# KWALITY
## MINI BAZAAR

**Store's Name and address:**

1. **Kwality Mini Bazaar Papatoetoe**
   286 Great South Road, Papatoetoe,
   Auckland -2025
2. **Kwality Mini Bazaar Botany**
   5/2 Bishop Dunn Place, Flat Bush,
   Auckland - 2013
3. **Kwality Mini Bazaar Manurewa**
   88F Great South Road,
   Takanini- 2112
4. **Kwality Mini Bazaar Papakura**
   305 Great South Road, Takanini,
   Auckland - 2112

ਵਧੀਆ ਅਤੇ ਸਾਫ ਸੁਥਰੀ ਗਰੋਸਰੀ ਵਾਸਤੇ ਇੱਕੋ ਇੱਕ ਨਾਂ ਯਾਦ ਰੱਖੋ

KWALITY
MINI BAZAAR

PATOETOE
PAPAKURA
MANUREWA


# ਇੰਗਲੈਂਡ ਦੀ ਮਹਿਲਾ ਟੀਮ ਨੇ ਵਨ ਡੇ ’ਚ ਨਿਊਜ਼ੀਲੈਂਡ ਨੂੰ 56 ਦੌੜਾਂ ਨਾਲ ਹਰਾਇਆ

ਹੈਮਿਲਟਨ- ਟੈਮੀ ਬਿਊਮੋਂਟ ਦੀ 81 ਦੌੜਾਂ ਦੀ ਸ਼ਾਨਦਾਰ ਪਾਰੀ ਅਤੇ ਉਸ ਤੋਂ ਬਾਅਦ ਨੈੱਟ ਸਾਈਵਰ-ਬਰੰਟ ਦੀ ਖਤਰਨਾਕ ਗੇਂਦਬਾਜ਼ੀ ਦੇ ਦਮ ’ਤੇ ਇੰਗਲੈਂਡ ਦੀ ਮਹਿਲਾ ਟੀਮ ਨੇ ਵੀਰਵਾਰ ਨੂੰ ਆਈ. ਸੀ. ਸੀ. ਮਹਿਲਾ ਚੈਂਪੀਅਨਸ਼ਿਪ ਦੇ ਦੂਸਰੇ ਵਨ ਡੇ ਮੁਕਾਬਲੇ ’ਚ ਨਿਊਜ਼ੀਲੈਂਡ ਨੂੰ 56 ਦੌੜਾਂ ਨਾਲ ਹਰਾ ਦਿੱਤਾ।

253 ਦੌੜਾਂ ਦੇ ਟੀਚੇ ਪਿੱਛਾ ਕਰਨ ਉਤਰੀ ਨਿਊਜ਼ੀਲੈਂਡ ਦੀ ਮਹਿਲਾ ਟੀਮ ਨੇ ਆਪਣੀਆਂ ਸ਼ੁਰੂਆਤੀ 4 ਵਿਕਟਾਂ 66 ਦੌੜਾਂ ਦੇ ਸਕੋਰ ’ਤੇ ਗੁਆ ਦਿੱਤੀਆਂ ਸਨ। ਜਾਰਜੀਆ ਪਲੀਮਰ 7 ਦੌੜਾਂ, ਸੁਜੀ ਬੇਟਸ 28 ਦੌੜਾਂ, ਅਮੇਲੀਆ ਕੇਰ 14 ਦੌੜਾਂ ਅਤੇ ਮੈਡੀ ਗ੍ਰੀਨ 7 ਦੌੜਾਂ ਬਣਾ ਕੇ ਆਊਟ ਹੋਈਆਂ। ਇਕ ਸਮੇਂ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਨਿਊਜ਼ੀਲੈਂਡ ਟੀਮ ਦੀ ਜਲਦ ਹੀ ਸਿਮਟ ਜਾਵੇਗੀ।



ਇਸ ਤਰ੍ਹਾਂ ਦੇ ਸੰਕਟ ਦੇ ਸਮੇਂ ਬਰੂਕ ਹਾਲੀਡੇ ਅਤੇ ਇਸਾਬੇਲਾ ਗਾਜੇ ਨੇ ਪਾਰੀ ਨੂੰ ਸੰਭਾਲਿਆ। ਦੋਵਾਂ ਵਿਚਾਲੇ 5ਵੀਂ ਵਿਕਟ ਲਈ 100 ਦੌੜਾਂ ਦੀ ਸਾਂਝੇਦਾਰੀ ਹੋਈ। ਇਸਾਬੇਲਾ ਗਾਜੇ 47 ਦੌੜਾਂ ’ਤੇ ਆਊਟ ਹੋਈ। ਉੱਥੇ ਹੀ ਬਰੂਕ ਹਾਲੀਡੇ ਨੇ ਟੀਮ ਲਈ ਸਭ ਤੋਂ ਵਧ 57 ਦੌੜਾਂ ਦੀ ਪਾਰੀ ਖੇਡੀ। ਹੰਨਾ ਰੋਵਾ 16 ਦੌੜਾਂ ਬਣਾ ਕੇ ਆਊਟ ਹੋਈ। ਉਸ ਤੋਂ ਬਾਅਦ ਨਿਊਜ਼ੀਲੈਂਡ ਦੀ ਕੋਈ ਵੀ ਬੱਲੇਬਾਜ਼ ਪਿੱਚ ’ਤੇ ਨਹੀਂ ਟਿਕ ਸਕੀ ਅਤੇ ਪੂਰੀ ਟੀਮ 45 ਓਵਰਾਂ ’ਚ 196 ਦੌੜਾਂ ਹੀ ਬਣਾ ਸਕੀ ਅਤੇ ਉਸ ਨੂੰ 56 ਦੌੜਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਇੰਗਲੈਂਡ ਵੱਲੋਂ ਨੈੱਟ ਸਾਈਵਰ-ਬਰੰਟ ਨੇ 3 ਵਿਕਟਾਂ ਲਈਆਂ। ਕੇਟ ਕ੍ਰਾਸ, ਲਾਰੇਨ ਬੇਲ, ਸੋਫੀ ਏਲੈਕਸਟੋਨ ਅਤੇ ਚਾਰਲੀ ਡੀਨ ਨੇ 1-1 ਬੱਲੇਬਾਜ਼ ਨੂੰ ਆਊਟ ਕੀਤਾ।

ਇਸ ਤੋਂ ਪਹਿਲਾਂ ਇੰਗਲੈਂਡ ਦੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਇੰਗਲੈਂਡ ਦੀ ਟੈਮੀ ਬਿਊਮੋਂਟ ਅਤੇ ਮੇਯਾ ਬਾਊਚਰ ਦੀ ਸਲਾਮੀ ਜੋੜੀ ਨੇ ਪਹਿਲੀ ਵਿਕਟ ਲਈ 37 ਦੌੜਾਂ ਬਣਾਈਆਂ। ਬਾਊਚਰ 20 ਦੌੜਾਂ ਬਣਾ ਕੇ ਆਊਟ ਹੋਈ। ਉਸ ਤੋਂ ਬਾਅਦ ਕਪਤਾਨ ਹੀਦਰ ਨਾਈਟ ਨੇ ਪਾਰੀ ਨੂੰ ਸੰਭਾਲਿਆ ਅਤੇ ਬਿਊਮੋਂਟ ਨਾਲ 70 ਦੌੜਾਂ ਦੀ ਸਾਂਝੇਦਾਰੀ ਕੀਤੀ। ਨਾਈਟ ਨੇ 37 ਦੌੜਾਂ ਦੀ ਪਾਰੀ ਖੇਡੀ। ਇਸ ਤੋਂ ਬਾਅਦ ਏਲਿਸ ਕੈਪਸੀ ਨੇ 6 ਦੌੜਾਂ, ਨੈੱਟ ਸਾਈਵਰ-ਬਰੰਟ ਅਤੇ ਡੈਨੀ ਵਯਾਟ 2-2 ਦੌੜਾਂ ਬਣਾ ਕੇ ਆਊਟ ਹੋਈਆਂ। ਏਮੀ ਜੋਨਸ ਨੇ 40 ਗੇਂਦਾਂ ’ਚ 48 ਦੌੜਾਂ, ਸੋਫੀ ਏਲੈਕਸਟੋਨ 14 ਦੌੜਾਂ ਅਤੇ ਕੇਟ ਕਰਾਸ 20 ਦੌੜਾਂ ਬਣਾ ਕੇ ਆਊਟ ਹੋਈ।

ਨਿਊਜ਼ੀਲੈਂਡ ਦੇ ਗੇਂਦਬਾਜ਼ਾਂ ਨੇ ਇੰਗਲੈਂਡ ਦੀ ਟੀਮ ਨੂੰ 49 ਓਵਰਾਂ ’ਚ 252 ਦੌੜਾਂ ’ਤੇ ਸਮੇਟ ਦਿੱਤਾ। ਨਿਊਜ਼ੀਲੈਂਡ ਵੱਲੋਂ ਜੇਸ ਕੇਰ, ਲੀ ਤਾਹੁਹੂ, ਫ੍ਰਾਨ ਜੋਨਾਸ ਅਤੇ ਸੁਜੀ ਬੇਟਸ ਨੇ 2-2 ਵਿਕਟਾਂ ਲਈਆਂ। ਹੰਨਾ ਰੋਵੇ ਅਤੇ ਅਮੇਲੀਆ ਕੇਰ ਨੇ 1-1 ਬੱਲੇਬਾਜ਼ ਨੂੰ ਆਊਟ ਕੀਤਾ।

# ਆਸਟ੍ਰੇਲੀਆ ‘ਚ ਭਾਰੀ ਮੀਂਹ ਕਾਰਨ 100 ਤੋਂ ਵੱਧ ਉਡਾਣਾਂ ਰੱਦ






ਸਿਡਨੀ ਆਸਟ੍ਰੇਲੀਆ ਦੇ ਸੂਬੇ ਨਿਊ ਸਾਊਥ ਵੇਲਜ਼ (ਐੱਨ.ਐੱਸ.ਡਬਲਯੂ.) ‘ਚ ਲਗਾਤਾਰ ਭਾਰੀ ਮੀਂਹ ਪੈਣ ਕਾਰਨ ਸਿਡਨੀ ਹਵਾਈ ਅੱਡੇ ‘ਤੇ 100 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਦੁਪਹਿਰ 2:30 ਵਜੇ ਤੱਕ ਸਥਾਨਕ ਸਮੇਂ ਅਨੁਸਾਰ ਛੇ ਅੰਤਰਰਾਸ਼ਟਰੀ ਉਡਾਣਾਂ ਅਤੇ 109 ਘਰੇਲੂ ਉਡਾਣਾਂ ਪਹਿਲਾਂ ਹੀ ਰੱਦ ਕੀਤੀਆਂ ਜਾ ਚੁੱਕੀਆਂ ਹਨ। ਅਗਲੇ ਕੁਝ ਘੰਟਿਆਂ ਵਿੱਚ ਸੰਖਿਆ ਵਧਣ ਦੀ ਉਮੀਦ ਹੈ, ਕਿਉਂਕਿ ਹੜ੍ਹ ਦੇ ਹੌਲੀ ਹੋਣ ਦੇ ਕੋਈ ਸੰਕੇਤ ਨਹੀਂ ਮਿਲੇ ਹਨ।

ਸਿਡਨੀ ਹਵਾਈ ਅੱਡੇ ਦੇ ਇਕ ਬੁਲਾਰੇ ਨੇ ਸਥਾਨਕ ਮੀਡੀਆ ਨੂੰ ਪੁਸ਼ਟੀ ਕੀਤੀ ਕਿ ਹੜ੍ਹ ਦੇ ਬਾਵਜੂਦ ਰਨਵੇਅ ਖੁੱਲ੍ਹੇ ਹਨ, ਪਰ ਦਿਨ ਵਧਣ ਦੇ ਨਾਲ ਯਾਤਰੀਆਂ ਨੂੰ ਹੋਰ ਦੇਰੀ ਹੋ ਸਕਦੀ ਹੈ। ਯਾਤਰੀਆਂ ਨੂੰ ਉਹਨਾਂ ਦੀ ਉਡਾਣ ਦੀ ਸਥਿਤੀ ਬਾਰੇ ਉਹਨਾਂ ਦੀ ਏਅਰਲਾਈਨ ਤੋਂ ਪਤਾ ਕਰਨ ਲਈ ਉਤਸ਼ਾਹਿਤ ਕਰਦੇ ਹੋਏ ਬੁਲਾਰੇ ਨੇ ਕਿਹਾ, “ਤੂਫਾਨ ਕਾਰਨ ਕੁਝ ਫਲਾਈਟਾਂ ਵਿੱਚ ਦੇਰੀ ਹੋਈ ਹੈ।“

ਰਾਜ ਵਿੱਚ ਰਾਤ ਭਰ ਤੇਜ਼ ਅਤੇ ਵਿਆਪਕ ਮੀਂਹ ਪਿਆ, ਸਿਡਨੀ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਹੋਇਆ। ਸਥਾਨਕ ਮੌਸਮ ਸੇਵਾ ਪ੍ਰਦਾਤਾ ਵੇਦਰਜ਼ੋਨ ਦੇ ਡੇਟਾ ਨੇ ਦਿਖਾਇਆ 11 ਰੇਲ ਲਾਈਨਾਂ ਨੂੰ ਜੋੜਨ ਵਾਲੇ ਟਰਾਂਸਪੋਰਟ ਹੱਬ, ਰੈੱਡਫਰਨ ਸਟੇਸ਼ਨ ‘ਤੇ ਗੰਭੀਰ ਮੌਸਮ ਦੀਆਂ ਸਥਿਤੀਆਂ ਨੇ ਸਾਜ਼-ਸਾਮਾਨ ਨੂੰ ਨੁਕਸਾਨ ਪਹੁੰਚਾਇਆ, ਜਿਸ ਦੇ ਨਤੀਜੇ ਵਜੋਂ ਵੱਡੀ ਸੇਵਾ ਦੇਰੀ ਹੋਈ।

ਆਸਟ੍ਰੇਲੀਆਈ ਮੌਸਮ ਵਿਗਿਆਨ ਬਿਊਰੋ (ਬੀ.ਓ.ਐਮ) ਦੇ ਪੂਰਵ ਅਨੁਮਾਨ ਅਨੁਸਾਰ ਹੋਰ ਬਾਰਿਸ਼ ਪੈਣ ਦੀ ਸੰਭਾਵਨਾ ਹੈ। ਇਲਾਵਾਰਾ ਐਸਕਾਰਪਮੈਂਟ ਅਤੇ ਗ੍ਰੇਟਰ ਸਿਡਨੀ ਖੇਤਰ ਦੇ ਅੰਦਰੂਨੀ ਹਿੱਸਿਆਂ ਦੇ ਨਾਲ-ਨਾਲ ਸਭ ਤੋਂ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ, ਜਿੱਥੇ 300 ਮਿਲੀਮੀਟਰ ਤੱਕ ਬਾਰਿਸ਼ ਪੈਣ ਦੀ ਸੰਭਾਵਨਾ ਹੈ। ਭੌ ਦੇ ਮੌਸਮ ਵਿਗਿਆਨੀ ਐਂਗਸ ਹਾਇਨਸ ਨੇ ਕਿਹਾ, “ਗੰਭੀਰ ਤੂਫਾਨ ਸੰਭਵ ਹਨ ਜੋ ਬਹੁਤ ਖਤਰਨਾਕ ਸਥਿਤੀਆਂ ਦਾ ਕਾਰਨ ਬਣ ਸਕਦੇ ਹਨ।“




ਕੁਲਵਿੰਦਰ ਸਿੰਘ ਝੱਮਟ **QSM** ਅਤੇ ਉਹਨਾਂ ਦੇ ਪੂਰੇ ਪਰਿਵਾਰ ਵੱਲੋਂ ‘ਮਹਿਕ-ਏ-ਵਤਨ’ ਦੀ ਪੂਰੀ ਟੀਮ ਨੂੰ ਵਿਸਾਖੀ ਅਤੇ ਖਾਲਸਾ ਪੰਥ ਦੀ ਸਾਜਨਾ ਦਿਵਸ ਦੀਆਂ ਬਹੁਤ- ਬਹੁਤ ਵਧਾਈਆਂ।

**Kulwinder Singh JHAMAT QSM**
**Pokeno Jandu Singh Wala**

ਲੁਧਿਆਣੇ ਦੇ ਸੰਤ ਇਨਕਲੇਵ ਵਿੱਚ ਰਹਿਣ ਵਾਲੀ ਗਾਇਕਾ ਗੁਲਸ਼ਨ ਕੋਮਲ ਨੂੰ ਸਰੋਤੇ ਵਰਾਇਟੀ ਦੋਗਾਣਾ ਗਾਇਕਾ ਵਜੋਂ ਵੱਧ ਤੇ ਕਿਸੇ ਇੱਕ ਨਾਲ ਬੱਝ ਕੇ ਗਾਉਣ ਵਾਲੀ ਵਜੋਂ ਘੱਟ ਜਾਣਦੇ ਹਨ। ਗੁਲਸ਼ਨ ਕੋਮਲ ਨੇ ਦਰਜਨਾਂ ਗਾਇਕਾਂ ਨਾਲ ਗਾਇਆ, ਬੜੀ ਵਾਰ ਉਸ ਨੂੰ ਚੰਗੇ-ਮੰਦੇ ਤਜਰਬੇ ਹੋਏ, ਉਸ ਦਾ ਦਿਲ ਟੁੱਟਿਆ, ਪਰ ਉਸ ਨੇ ਹੌਸਲਾ ਨਾ ਹਾਰਿਆ। ਉਸ ਨੂੰ ਇਸ ਗੱਲ ਦਾ ਵੀ ਪਤਾ ਹੈ ਕਿ ਉਮਰ ਭਰ ਚੰਗਾ ਗਰੁੱਪ ਨਾ ਬਣਨ ਕਾਰਨ ਉਹ ਉਸ ਟੀਸੀ 'ਤੇ ਨਾ ਪਹੁੰਚ ਸਕੀ, ਜਿਸਦੀ ਉਹ ਹੱਕਦਾਰ ਸੀ। ਪਰ ਹੁਣ ਉਹ ਇਸ ਸਭ ਨੂੰ ਉਹ ਕੁਦਰਤ ਦੀ ਲੀਲਾ ਕਰਾਰ ਦੇਣ ਲੱਗ ਗਈ ਹੈ। ਗੁਲਸ਼ਨ ਕੋਮਲ ਦਾ ਕਹਿਣਾ ਹੈ, 'ਜੇ ਕਿਸੇ ਗਾਇਕ ਨਾਲ ਮੇਰਾ ਪੱਕਾ ਗਰੁੱਪ ਬਣ ਜਾਂਦਾ ਤਾਂ ਸਾਡੀ ਜੋੜੀ ਦਾ ਨਾਂ ਵੀ ਸਦੀਕ-ਰਣਜੀਤ ਦੀ ਜੋੜੀ ਵਾਂਗ ਹੋਣਾ ਸੀ।' ਉਸ ਦੀ ਇਹ ਗੱਲ ਸੋਲਾਂ ਆਨੇ ਸੱਚ ਵੀ ਜਾਪਦੀ ਹੈ ਕਿਉਂਕਿ ਉਸ ਦੀ ਅਵਾਜ਼ ਵਿੱਚ ਕਸ਼ਿਸ਼ ਹੈ, ਉਸ ਨੂੰ ਸਰੋਤਿਆਂ ਨੂੰ ਬੰਨ੍ਹ ਕੇ ਬਿਠਾਉਣ ਦਾ ਵੱਲ ਆਉਂਦਾ ਹੈ ਅਤੇ ਜਦੋਂ ਉਹ ਕਿਸੇ ਨਾਲ ਦੋਗਾਣਾ ਗਾਉਂਦੀ ਹੈ ਤਾਂ ਸੁਣਨ ਵਾਲਿਆਂ ਨੂੰ ਸਮੋਹਿਤ ਜਿਹਾ ਕਰ ਲੈਂਦੀ ਹੈ। ਬੇਸ਼ੱਕ ਉਸ ਨੇ ਅਨੇਕਾਂ ਗਾਇਕਾਂ ਨਾਲ ਸਾਲ-ਸਾਲ, ਡੇਢ-ਡੇਢ ਸਾਲ ਗਾਇਆ, ਪਰ ਉਸ ਦੇ ਨਾਂ ਦੀ ਪੱਕੀ ਪਛਾਣ ਸੁਰਿੰਦਰ ਛਿੰਦਾ ਨਾਲ ਜੁੜਦੀ ਹੈ। ਛਿੰਦੇ ਨਾਲ ਉਸ ਨੇ ਗਿਆਰਾਂ-ਬਾਰਾਂ ਸਾਲ ਸਟੇਜਾਂ ਕੀਤੀਆਂ ਤੇ ਲੋਕਾਂ ਦਾ ਰੱਜ ਕੇ ਪਿਆਰ ਹਾਸਿਲ ਕੀਤਾ। ਉਸ ਨਾਲ ਉਸ ਦੇ ਦਰਜਨਾਂ ਐਲ.ਪੀ. ਰਿਕਾਰਡ ਮਾਰਕੀਟ ਵਿੱਚ ਆਏ, ਜਿਨ੍ਹਾਂ ਵਿਚਲੇ ਕਈ ਗੀਤ ਬੇਹੱਦ ਮਕਬੂਲ ਹੋਏ।

ਗੁਲਸ਼ਨ ਕੋਮਲ ਨੇ ਹਾਲੇ ਵੀ ਹਿੰਮਤ ਨਹੀਂ ਹਾਰੀ। ਆਪਣੀ ਪਛਾਣ ਬਰਕਰਾਰ ਰੱਖਣ ਲਈ ਉਹ ਕਿਸੇ ਨਾ ਕਿਸੇ ਪ੍ਰੋਗਰਾਮ ਵਿੱਚ ਹਾਜ਼ਰੀ ਲਵਾਉਣ ਜਾਂਦੀ ਰਹਿੰਦੀ ਹੈ ਤੇ ਕਦੇ-ਕਦੇ ਨਵੇਂ ਉੱਠਦੇ ਗਾਇਕ ਨਾਲ ਦੋਗਾਣੇ ਗਾ ਛੱਡਦੀ ਹੈ। ਪਰ ਉਸ ਦਾ ਅੰਦਰਾ ਗਾਉਣ ਵਾਲਿਆਂ ਦੇ ਹੱਕ ਵਿੱਚ ਨਹੀਂ। ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲਦਾ ਹੈ, 'ਇਹ ਲਾਈਨ ਬਹੁਤੀ ਵਧੀਆ ਨਹੀਂ, ਕਈ ਗਾਉਣ ਵਾਲੇ ਏਨੇ ਮਾੜੇ ਨੇ ਕਿ ਪੁੱਛੋ ਕੁੱਝ ਨਾ। ਜੇ ਇਹ ਲਾਈਨ ਚੰਗੀ ਹੁੰਦੀ ਤਾਂ ਮੈਂ ਆਪਣੀ ਧੀ ਜਾਂ ਪੁੱਤ ਨੂੰ ਏਸ ਪਾਸੇ ਜ਼ਰੂਰ ਲਿਆਉਂਦੀ, ਪਰ ਡਰਦੇ ਮਾਰੇ ਹੀ ਮੈਂ ਉਨ੍ਹਾਂ ਨੂੰ ਗਾਉਣ ਵਾਲੇ ਪਾਸੇ ਲੈ ਕੇ ਨਹੀਂ ਆਈ।' ਉਸ ਦੀਆਂ ਇਹ ਗੱਲਾਂ ਸਿੱਧ ਕਰ ਦਿੰਦੀਆਂ ਹਨ ਕਿ ਗਾਇਕੀ ਵਿੱਚ ਸਭ ਅੱਛਾ ਨਹੀਂ ਹੈ। ਗਲੈਮਰ ਨਾਲ ਜੁੜਿਆ ਇਹ ਧੰਦਾ ਕਈ ਪੱਖਾਂ ਤੋਂ 'ਗੰਦਾ' ਵੀ ਹੈ।

ਗੁਲਸ਼ਨ ਕੋਮਲ ਰਾਮਗੜ੍ਹੀਆਂ ਦੀ ਧੀ ਹੈ ਤੇ ਉਸ ਦਾ ਜਨਮ ਕਪੂਰਥਲਾ ਸ਼ਹਿਰ ਵਿੱਚ ਮਾਤਾ ਕ੍ਰਿਸ਼ਨਾ ਕੁਮਾਰੀ ਤੇ ਪਿਤਾ ਸਾਧੂ ਸਿੰਘ ਦੇ ਘਰ ਹੋਇਆ। ਮਾਪਿਆਂ ਨੇ ਉਸ ਦਾ ਨਾਂ ਗੁਲਸ਼ਨ ਕਾਂਤਾ ਕੁਮਾਰੀ ਰੱਖਿਆ, ਪਰ ਗਾਇਕੀ ਵਿੱਚ ਆਉਣ ਵੇਲੇ ਉਸ ਨੇ ਆਪਣੇ ਨਾਂ ਦਾ ਅਕਾਰ ਘਟਾ ਕੇ ਗੁਲਸ਼ਨ ਬਾਲਾ ਕਰ ਲਿਆ। ਫੇਰ ਜਦੋਂ ਉਹ ਵਿਆਹੀ ਗਈ ਤਾਂ ਪਤੀਦੇਵ ਮਹਿੰਦਰ ਸਿੰਘ ਕੋਮਲ ਦੇ ਤਖ਼ੱਲਸ ਵਾਂਗ ਉਸ ਨੇ ਆਪਣੇ ਨਾਂ ਪਿੱਛੇ ਵੀ 'ਕੋਮਲ' ਲਗਾ ਲਿਆ ਤੇ ਉਹ ਗੁਲਸ਼ਨ ਕੋਮਲ ਬਣ ਗਈ। ਗੁਲਸ਼ਨ ਕੋਮਲ ਨੂੰ ਗਾਇਕੀ ਵਿਰਸੇ ਵਿੱਚ ਨਹੀਂ ਮਿਲੀ। ਸੱਤਵੀਂ-ਅੱਠਵੀਂ 'ਚ ਪੜ੍ਹਦਿਆਂ ਉਸ ਨੂੰ ਰੇਡੀਓ ਸੁਣਨ ਦਾ ਭੁਸ ਪੈ ਗਿਆ। ਉਨ੍ਹੀਂ ਦਿਨੀਂ ਰੇਡੀਓ 'ਤੇ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੇ ਗੀਤ ਚੱਲਦੇ ਹੁੰਦੇ ਸਨ, ਸੋ ਉਸ ਦੇ ਮਨ ਵਿੱਚ ਇਨ੍ਹਾਂ ਵਰਗੀ ਗਾਇਕਾ ਬਣਨ ਦੇ ਖਿਆਲ ਆਉਣ ਲੱਗੇ। ਲਤਾ ਮੰਗੇਸ਼ਕਰ ਨੂੰ ਉਹ ਸ਼ੁਰੂ ਤੋਂ ਹੀ ਬਹੁਤ ਸੁਣਦੀ ਸੀ ਅਤੇ ਆਖਦੀ ਹੈ, 'ਸਕੂਲ ਦੀਆਂ ਬਾਲ ਸਭਾਵਾਂ ਵਿੱਚ ਮੈਂ ਜ਼ਿਆਦਾ ਗੀਤ ਲਤਾ ਜੀ ਦੇ ਹੀ ਗਾਉਂਦੀ ਹੁੰਦੀ ਸਾਂ।' ਘਰਦਿਆਂ ਨੂੰ, ਖਾਸ ਕਰਕੇ ਪਿਤਾ ਨੂੰ ਗੁਲਸ਼ਨ ਦਾ ਗਾਉਣਾ ਭੋਰਾ ਵੀ ਪਸੰਦ ਨਹੀਂ ਸੀ, ਸੋ ਗੁਲਸ਼ਨ ਨੇ ਦੋ-ਤਿੰਨ ਸਾਲ ਪਿਤਾ ਜੀ ਨੂੰ ਦੱਸਿਆ ਹੀ ਨਾ ਕਿ ਮੈਂ ਗਾਉਂਦੀ ਵੀ ਹਾਂ, ਸਗੋਂ ਇਹ ਆਖ ਕੇ ਘਰੋਂ ਚਲੀ ਜਾਣਾ ਕਿ ਮੈਂ ਨੌਕਰੀ ਲੱਗੀ ਹਾਂ।

ਦਸਵੀਂ ਕਰਕੇ ਗੁਲਸ਼ਨ ਕੋਮਲ ਕਪੂਰਥਲਾ ਦੇ ਇੱਕ ਮਾਡਲ ਸਕੂਲ ਵਿੱਚ ਪ੍ਰਾਈਵੇਟ ਅਧਿਆਪਕਾ ਵਜੋਂ ਨੌਕਰੀ ਕਰਨ ਲੱਗ ਗਈ। ਸਕੂਲ 'ਚ ਵੀ ਉਹ ਗਾਇਕੀ ਦੇ ਸ਼ੌਕ ਨਾਲ ਜੁੜੀ ਰਹੀ। ਸਕੂਲੀ ਬੱਚਿਆਂ ਨੂੰ ਵੱਖ-ਵੱਖ ਸੱਭਿਆਚਾਰਕ ਆਈਟਮਾਂ ਤਿਆਰ ਕਰਵਾ ਕੇ ਉਹ ਆਪਣਾ ਝੱਸ ਪੂਰਾ ਕਰ ਲੈਂਦੀ। ਦੋ-ਤਿੰਨ ਵਰ੍ਹਿਆਂ ਬਾਅਦ ਨਡਾਲੇ ਦੇ ਮਹਿੰਦਰ ਸਿੰਘ ਕੋਮਲ ਨਾਲ ਉਸ ਦੀਆਂ ਲਾਵਾਂ ਪੜ੍ਹੀਆਂ ਗਈਆਂ ਤੇ ਇੱਥੋਂ ਹੀ ਸ਼ੁਰੂ ਹੋ ਗਿਆ ਉਸ ਦੀ ਗਾਇਕੀ ਦਾ ਸਫ਼ਰ। ਪਤੀਦੇਵ ਨੂੰ ਗੀਤ ਲਿਖਣ ਦਾ ਸ਼ੌਕ ਸੀ ਤੇ ਉਹ ਗਾਇਕ ਕੁਲਦੀਪ ਪਰਦੇਸੀ ਦੇ ਨੇੜਲੇ ਮਿੱਤਰ ਸਨ। ਮਹਿੰਦਰ ਸਿੰਘ ਨੇ ਗੁਲਸ਼ਨ ਨੂੰ ਪਰਦੇਸੀ ਨਾਲ ਗਾਉਣ ਲਈ ਪ੍ਰੇਰਿਆ। ਸੋ ਬਿਨਾਂ ਕੋਈ ਰਿਕਾਰਡ ਆਉਣ ਦੇ ਬਾਵਜੂਦ ਗੁਲਸ਼ਨ ਨੇ ਕਈ ਸਾਲ ਪਰਦੇਸੀ ਨਾਲ ਗਾਇਆ। ਥੋੜ੍ਹੀ ਦੇਰ ਬਾਅਦ ਗੁਲਸ਼ਨ ਕੋਮਲ ਦਾ ਸਹੁਰਾ ਪਰਿਵਾਰ ਲੁਧਿਆਣੇ ਆ ਕੇ ਰਹਿਣ ਲੱਗਾ। ਇੱਥੇ ਸਭ ਤੋਂ ਪਹਿਲਾਂ ਉਹ ਨਰਿੰਦਰ ਬੀਬਾ ਨੂੰ ਮਿਲੀ। ਉਸ ਤੋਂ ਬਾਅਦ ਜਸਵੰਤ ਸਿੰਘ ਭੰਵਰਾ ਹੁਰਾਂ ਨਾਲ ਮੇਲ ਹੋਇਆ। ਗੁਲਸ਼ਨ ਨਰਿੰਦਰ ਬੀਬਾ ਨਾਲ ਸਟੇਜਾਂ 'ਤੇ ਜਾਣ ਲੱਗੀ। ਪ੍ਰੋਗਰਾਮ ਲਾਉਣ ਵੇਲੇ ਜਦੋਂ ਬੀਬਾ ਨੇ ਥੋੜ੍ਹਾ ਕੁ ਸਾਹ ਲੈਣਾ ਹੁੰਦਾ, ਉਹ ਗੁਲਸ਼ਨ ਨੂੰ ਇੱਕ-ਦੋ ਗੀਤ ਗਾਉਣ ਦਾ ਮੌਕਾ ਦੇ ਦੇਂਦੀ। ਗੁਲਸ਼ਨ ਦਾ ਝਾਕਾ ਖੁੱਲ੍ਹਦਾ ਗਿਆ, ਸਰੋਤਿਆਂ ਨੂੰ ਆਪਣੇ ਨਾਲ ਜੋੜੀ ਰੱਖਣ ਦਾ ਵੱਲ ਉਸ ਨੂੰ ਆਉਂਦਾ ਗਿਆ ਅਤੇ ਇਸ ਗੱਲ ਦੀ ਸਮਝ ਆ ਗਈ ਕਿ ਲੋਕਾਂ ਨੂੰ ਕਿਹੜੀਆਂ ਗੱਲਾਂ ਨਾਲ ਰਿਝਾਇਆ ਜਾ ਸਕਦੈ।

ਆਰਥਿਕਤਾ ਦੀ ਮੰਦੀ ਅਤੇ ਸ਼ੌਕ ਦੋਹਾਂ ਕਾਰਨ ਗੁਲਸ਼ਨ ਕੋਮਲ ਨੇ 1974 ਦੇ ਨੇੜੇ-ਤੇੜੇ ਕਈ ਗਾਇਕਾਂ ਨਾਲ ਸਟੇਜਾਂ ਸਾਂਝੀਆਂ ਕੀਤੀਆਂ। ਕਦੇ ਉਹ ਪੰਮੀ ਪੋਹਲੀ ਨਾਲ ਸਟੇਜਾਂ 'ਤੇ ਚਲੀ ਜਾਂਦੀ, ਕਦੇ ਸਵਰਨ ਲਤਾ ਨਾਲ, ਕਦੇ ਭੰਵਰਾ ਹੁਰਾਂ ਨਾਲ ਤੇ ਕਦੀ ਉਸਤਾਦ ਲਾਲ ਚੰਦ ਯਮਲਾ ਜੱਟ ਨਾਲ। ਯਮਲਾ ਜੀ, ਪੋਹਲੀ ਤੇ ਸਵਰਨ ਲਤਾ ਗੁਲਸ਼ਨ ਨੂੰ ਪੰਜਾਹ ਰੁਪਏ ਪ੍ਰਤੀ ਸਟੇਜ ਦਿੰਦੇ ਸਨ। ਚੱਲਦਿਆਂ-ਚੱਲਦਿਆਂ ਗੁਲਸ਼ਨ ਦਾ ਮੇਲ ਕੁਲਦੀਪ ਮਾਣਕ ਨਾਲ ਹੋ ਗਿਆ। ਭੰਵਰਾ ਹੁਰਾਂ ਦੀ ਸਲਾਹ ਨਾਲ ਉਹ ਮਾਣਕ ਗਰੁੱਪ ਨਾਲ ਜੁੜ ਗਈ। ਮਾਣਕ ਵੀ ਉਦੋਂ ਉੱਭਰ ਰਿਹਾ ਸੀ ਤੇ ਗੁਲਸ਼ਨ ਵੀ। ਸੋ ਦੋਹਾਂ ਦੀ ਜੋੜੀ ਖੂਬ ਫੱਬੀ, ਪਰ ਇਹ ਜੋੜੀ ਬਹੁਤੀ ਦੇਰ ਨਾ ਚੱਲੀ। ਮਾਣਕ ਤੇ ਗੁਲਸ਼ਨ ਦਾ ਗਰੁੱਪ ਦੋ-ਤਿੰਨ ਵਾਰ ਬਣਿਆ ਤੇ ਟੁੱਟਿਆ। ਕਦੀ ਇਹ ਗਰੁੱਪ ਸਾਲ ਕੱਢ ਜਾਂਦਾ ਤੇ ਕਦੇ ਡੇਢ ਸਾਲ। ਗੁਲਸ਼ਨ ਅੰਦਰ ਅੱਗ ਬਲ਼ ਰਹੀ ਸੀ ਕਿ ਛੇਤੀ-ਛੇਤੀ ਕਿਵੇਂ ਮੂਹਰੇ ਆਵਾਂ ਤੇ ਇਹ ਭਟਕਣ ਹੀ ਉਸ ਨੂੰ ਟਿਕ ਕੇ ਨਹੀਂ ਸੀ ਬੈਠਣ ਦਿੰਦੀ।

1976 ਵਿੱਚ ਗੁਲਸ਼ਨ ਕੋਮਲ ਦਾ ਮੇਲ ਯਸ਼ ਲੁਧਿਆਣਵੀ ਨਾਲ ਹੋਇਆ ਤੇ ਉਸ ਨੇ ਉਹਦੇ ਨਾਲ ਗਾਉਣਾ ਸ਼ੁਰੂ ਕਰ ਦਿੱਤਾ। ਦੋਹਾਂ ਦਾ ਇੱਕ 'ਈ.ਪੀ.ਰਿਕਾਰਡ' ਮਾਰਕੀਟ ਵਿੱਚ ਆਇਆ, ਜਿਸ ਵਿੱਚ ਇੱਕ ਗੀਤ ਸਾਜਨ ਰਾਏਕੋਟੀ ਦਾ ਲਿਖਿਆ ਹੋਇਆ ਸੀ। ਇਸ ਰਿਕਾਰਡ ਵਿਚਲੇ ਦੋਗਾਣੇ 'ਆਹ ਚੁੱਕ ਆਪਣੀ ਨੱਥ ਮਛਲੀ, ਰੂਪ ਅਸਾਡਾ ਮੋੜ ਦੇ' ਨੂੰ ਵਾਹਵਾ ਸਲਾਹਿਆ ਗਿਆ। ਗੁਲਸ਼ਨ ਨੇ ਤਿੰਨ-ਚਾਰ ਸਾਲ ਲੁਧਿਆਣਵੀ ਨਾਲ ਗਾਇਆ। ਲੁਧਿਆਣਵੀ ਆਰਕੈਸਟਰਾ ਗਰੁੱਪ ਨਾਲ ਜੁੜਿਆ ਹੋਣ ਕਰਕੇ ਗੁਲਸ਼ਨ ਬਹੁਤੀ ਉੱਚੀ ਉਡਾਰੀ ਨਾ ਮਾਰ ਸਕੀ ਕਿਉਂਕਿ ਇਨ੍ਹਾਂ ਗਰੁੱਪਾਂ ਦਾ ਬਹੁਤਾ ਨੋਟਿਸ ਨਹੀਂ ਸੀ ਲਿਆ ਜਾਂਦਾ। ਉੱਥੋਂ ਹਟ ਕੇ ਗੁਲਸ਼ਨ ਨੇ ਕਰਨੈਲ ਗਿੱਲ ਨਾਲ ਗਾਉਣਾ ਸ਼ੁਰੂ ਕਰ ਦਿੱਤਾ। ਡੇਢ-ਦੋ ਸਾਲ ਕਰਨੈਲ ਤੇ ਗੁਲਸ਼ਨ ਦੀ ਜੋੜੀ ਨੇ ਚੰਗੇ ਅਖਾੜੇ ਲਾਏ। ਇਨ੍ਹਾਂ ਦੋਹਾਂ ਦੇ ਦੋ ਰਿਕਾਰਡ ਵੀ ਮਾਰਕੀਟ ਵਿੱਚ ਆਏ। ਥੋੜ੍ਹੀ ਦੇਰ ਬਾਅਦ ਗੁਲਸ਼ਨ ਨੇ ਕਰਨੈਲ ਨਾਲੋਂ ਟੁੱਟ ਕੇ ਮੁੜ ਕੁਲਦੀਪ ਮਾਣਕ ਨਾਲ ਗਰੁੱਪ ਬਣਾ ਲਿਆ, ਪਰ ਫੇਰ ਡੇਢ-ਦੋ ਸਾਲ ਹੀ ਕੱਢੇ। ਇਸ ਸਮੇਂ ਦੌਰਾਨ ਦੋਹਾਂ ਦਾ ਇੱਕ 'ਈ.ਪੀ.ਰਿਕਾਰਡ' ਮਾਰਕੀਟ ਵਿੱਚ ਆਇਆ, ਜਿਸ ਵਿਚਲਾ ਗੀਤ 'ਕੁੰਡਾ ਖੋਲ੍ਹ ਬਸੰਤਰੀਏ, ਮੂੰਹੋਂ ਬੋਲ ਬਸੰਤਰੀਏ' ਵਾਹਵਾ ਮਕਬੂਲ ਹੋਇਆ। ਇਸ ਤੋਂ ਇਲਾਵਾ ਮਾਣਕ ਨਾਲ ਉਸ ਦੀ ਇੱਕ ਕੈਸਿਟ ਵੀ ਆਈ, 'ਕੱਢਣਾ ਰੁਮਾਲ ਦੇ ਗਿਆਂ।' 'ਸੁਪਰ ਸੈਵਨ' ਵਿੱਚ ਉਸ ਦੇ ਛੇ ਗੀਤ ਰਿਕਾਰਡ ਹੋਏ, ਜਿਨ੍ਹਾਂ ਵਿਚੋਂ ਤਿੰਨ ਮਾਣਕ ਨਾਲ ਦੋਗਾਣੇ ਸਨ। ਦੋਹਾਂ ਦਾ ਇੱਕ ਦੋਗਾਣਾ ਉਨ੍ਹੀਂ ਦਿਨੀਂ ਖੂਬ ਚਰਚਾ ਦਾ ਵਿਸ਼ਾ ਬਣਿਆ, 'ਸਹਿਤੀ ਹੱਸਦੀ-ਹੱਸਦੀ ਮੂਹਰੇ ਬਹਿ ਗਈ ਜੋਗੀ ਦੇ।' ਇਹ ਕਲੀ ਸਟਾਈਲ ਪਹਿਲਾ ਦੋਗਾਣਾ ਸੀ, ਜਿਸ ਵਿੱਚ ਰਾਂਝੇ ਤੇ ਸਹਿਤੀ ਦੇ ਸਵਾਲ-ਜਵਾਬ ਦਰਜ ਸਨ।

ਫੇਰ ਗੁਲਸ਼ਨ ਕੋਮਲ ਦਾ ਸੁਰਿੰਦਰ ਛਿੰਦੇ ਨਾਲ ਗਰੁੱਪ ਬਣ ਗਿਆ। ਦੋਹਾਂ ਨੇ ਗਿਆਰਾਂ-ਬਾਰਾਂ ਸਾਲ ਇਕੱਠਿਆਂ ਕੰਮ ਕੀਤਾ। ਦੋਹਾਂ ਦੀ ਅਵਾਜ਼ ਵਿੱਚ ਅਨੇਕਾਂ ਦੋਗਾਣੇ ਮਾਰਕੀਟ ਵਿੱਚ ਆਏ, ਜਿਹੜੇ ਸਰੋਤਿਆਂ ਨੇ ਬੇਹੱਦ ਸਲਾਹੇ। ਅਣਗਿਣਤ ਸਟੇਜਾਂ ਲੱਗੀਆਂ, ਲੋਕਾਂ ਦਾ ਰੱਜਵਾਂ ਪਿਆਰ ਮਿਲਿਆ ਅਤੇ ਅੱਜ ਵੀ ਛਿੰਦੇ ਦਾ ਨਾਂ ਗੁਲਸ਼ਨ ਨਾਲ ਤੇ ਗੁਲਸ਼ਨ ਦਾ ਛਿੰਦੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਛਿੰਦੇ ਦੇ ਮਸ਼ਹੂਰ ਰਿਕਾਰਡ 'ਜਿਉਣਾ ਮੌੜ' ਵਿੱਚ ਗੁਲਸ਼ਨ ਦਾ ਇੱਕ ਸੋਲੋ ਗੀਤ ਦਰਜ ਸੀ, ਜਿਹੜਾ ਉਨ੍ਹੀਂ ਦਿਨੀਂ ਹਰ ਸਪੀਕਰ 'ਚ ਵੱਜਿਆ। ਬੋਲ ਸਨ :

ਹਾੜ੍ਹਾ ਨਾ ਜਾਈਂ ਪਤੀ ਜੀ,
ਦੋਵੇਂ ਹੱਥ ਜੋੜਾਂ ਵੇ,ਡੋਗਰੀ ਰੁਲ ਕੇ
ਮਰਜੂ, ਤੇਰੀਆਂ ਲੋੜਾਂ ਵੇ।

ਛਿੰਦੇ ਨਾਲ ਗੁਲਸ਼ਨ ਦੇ ਓਪੇਰਾ ਸਟਾਈਲ ਕਈ ਰਿਕਾਰਡ ਮਾਰਕੀਟ ਵਿੱਚ ਆਏ, ਜਿਨ੍ਹਾਂ ਵਿੱਚੋਂ ਇੱਕ 'ਜੰਨ ਚੜ੍ਹੀ ਅਮਲੀ ਦੀ' ਵਾਹਵਾ ਮਸ਼ਹੂਰ ਹੋਇਆ। ਇਸ ਵਿਚਲੇ ਗੀਤ 'ਲੜ ਲੱਗ ਕੇ ਅਮਲੀਆ', 'ਗਲ ਪਿਆ ਢੋਲ ਵਜਾਉਣਾ ਪਊ', 'ਸਾਲੀ ਗਰਮ ਬੜੀ', 'ਲਾੜਾ ਨੱਚਦਾ ਫਿਰੇ' ਤੇ 'ਰੰਨ ਮਨਕੇ ਵਰਗੀ' ਸਰੋਤਿਆਂ ਵਿੱਚ ਚੰਗੀ ਭੱਲ ਬਣਾਉਣ 'ਚ ਕਾਮਯਾਬ ਹੋਏ। ਫੇਰ 'ਗੱਡੀ ਛਿੰਦੇ ਦੀ ਮੇਲਦੀ ਜਾਵੇ' ਰਿਕਾਰਡ ਮਾਰਕੀਟ ਵਿੱਚ ਆਇਆ। ਇਸ ਵਿਚਲੇ 'ਗੱਡੀ ਬੜੀ ਭਜਾਉਂਦਾ ਤੂੰ', 'ਛੜਿਆਂ ਨੇ ਲੈ ਲਿਆ ਕੁਕਰ' ਤੇ 'ਨਾੜ ਚੜ੍ਹ ਗਈ' ਗੀਤ ਚੰਗੇ ਚੱਲੇ। ਦੋਹਾਂ ਦਾ 'ਜੱਟ ਮਿਰਜ਼ਾ ਖਰਲਾਂ ਦਾ' ਓਪੇਰਾ ਮਾਰਕੀਟ ਵਿੱਚ ਆਇਆ, ਜਿਸ ਨੂੰ ਵਧੀਆ ਪਿਆਰ ਮਿਲਿਆ। 'ਇਨ੍ਹਾਂ ਰਿਕਾਰਡਾਂ ਵਿਚਲੇ ਕਈ ਗੀਤਾਂ ਦੇ ਟਾਈਟਲ ਤੱਤੇ ਜਿਹੇ ਲੱਗਦੇ ਹਨ', ਪੁੱਛਣ 'ਤੇ ਗੁਲਸ਼ਨ ਜਵਾਬ ਦਿੰਦੀ ਹੈ, 'ਬਹੁਤੇ ਗਰਮ ਗੀਤ ਮੈਂ ਨਹੀਂ ਗਾਏ, ਸਰੋਤਿਆਂ ਦੀ ਪਸੰਦ ਹੀ ਇਹੋ ਜਿਹੀ ਸੀ, ਨਾ ਇਨ੍ਹਾਂ ਗੀਤਾਂ ਨੂੰ ਉਦੋਂ ਮਾੜਾ ਸਮਝਿਆ ਜਾਂਦਾ ਸੀ, ਸੋ ਅਸੀਂ ਗਾ ਦਿੱਤੇ।'




ਗੁਲਸ਼ਨ ਕੋਮਲ ਤੇ ਛਿੰਦੇ ਨੇ ਕਨੇਡਾ ਤੇ ਇੰਗਲੈਂਡ ਦੇ ਕਈ ਗੇੜੇ ਲਾਏ। ਉਸ ਨੇ ਪੰਜਾਬੀ ਫ਼ਿਲਮ 'ਪੁੱਤ ਜੱਟਾਂ ਦੇ' ਵਿੱਚ ਦੋ ਬੋਲੀਆਂ ਵੀ ਗਾਈਆਂ, ਜਿਸ ਵਿੱਚ ਉਸ ਦਾ ਸਾਥ ਨਰਿੰਦਰ ਬੀਬਾ ਤੇ ਸਤਿੰਦਰ ਬੀਬਾ ਨੇ ਦਿੱਤਾ। ਇਹ ਬੋਲੀਆਂ ਮੇਹਰ ਮਿੱਤਲ 'ਤੇ ਫ਼ਿਲਮਾਈਆਂ ਗਈਆਂ ਸਨ। 1990 ਦੇ ਨੇੜੇ-ਤੇੜੇ ਗੁਲਸ਼ਨ ਕੋਮਲ ਨੇ ਛਿੰਦੇ ਨਾਲ ਗਾਉਣਾ ਬੰਦ ਕਰ ਦਿੱਤਾ। ਦੋਹਾਂ ਦੇ ਟੁੱਟਣ ਦੇ ਕਈ ਕਾਰਨ ਸਨ, ਜਿਹੜੇ ਪਾਠਕਾਂ ਸਾਹਵੇਂ ਕਰਨ ਨਾਲ ਦੋਹਾਂ ਧਿਰਾਂ ਵਿਚਲੀਆਂ ਦੂਰੀਆਂ ਹੋਰ ਵਧ ਸਕਦੀਆਂ ਹਨ। ਪਰ ਇਸ ਨਾਲ ਇੱਕ ਗੱਲ ਜ਼ਰੂਰ ਪਤਾ ਲੱਗ ਗਈ ਕਿ ਜੋੜੀਆਂ ਟੁੱਟਣ ਦੇ ਜ਼ਿਆਦਾਤਰ ਕਾਰਨ ਆਰਥਿਕਤਾ ਅਤੇ ਸ਼ੋਹਰਤ ਨਾਲ ਜੁੜੇ ਹੁੰਦੇ ਹਨ। ਗਾਉਣ ਵਾਲੀਆਂ ਨੂੰ ਸਟੱਪਣੀ ਸਮਝਿਆ ਜਾਂਦਾ ਹੈ, ਥੋੜ੍ਹੀ ਦੇਰ ਗਾਇਕਾ ਇਹ ਸਭ ਬਰਦਾਸ਼ਤ ਕਰਦੀ ਹੈ, ਪਰ ਜਦੋਂ ਸਬਰ ਪਿਆਲਾ ਉੱਛਲ ਜਾਂਦਾ ਹੈ ਤਾਂ ਤੜੱਕ ਹੋ ਜਾਂਦੀ ਹੈ।

ਗੁਲਸ਼ਨ ਕੋਮਲ ਨੂੰ ਅੱਜ ਦੀ ਗਾਇਕੀ ਨਾਲ ਬਹੁਤਾ ਮੋਹ ਨਹੀਂ। ਉਸ ਦੀ ਉਮਰ ਸੱਠਾਂ ਦੇ ਕਰੀਬ ਹੋ ਚੁੱਕੀ ਹੈ, ਪਰ ਉਹ ਆਪਣੇ ਨਾਂ ਨੂੰ ਬਰਕਰਾਰ ਰੱਖਣ ਲਈ ਹਾਲੇ ਵੀ ਛੋਟੇ-ਮੋਟੇ ਉੱਦਮ ਕਰਦੀ ਰਹਿੰਦੀ ਹੈ। ਹੁਣ ਉਸ ਵਿੱਚ ਜਵਾਨੀ ਵੇਲੇ ਜਿੰਨੀ ਸਪਿਰਟ ਨਹੀਂ ਰਹੀ ਕਿ ਉਹ ਭੱਜ-ਨੱਠ ਕਰ ਸਕੇ। ਗਾਇਕੀ ਖੇਤਰ ਵਿਚ ਉਸ ਦਾ ਕੋਈ ਬਹੁਤਾ ਵਧੀਆ ਤਜਰਬਾ ਨਹੀਂ। ਉਸ ਮੁਤਾਬਿਕ, 'ਇਸ ਖੇਤਰ ਵਿੱਚ ਇਨਸਾਨ ਘੱਟ ਤੇ ਸ਼ੈਤਾਨ ਵੱਧ ਹਨ। ਖੁਦ ਨੂੰ ਫੰਨੇ ਖਾਂ ਸਮਝਣ ਵਾਲੇ ਗਵੱਈਏ ਸਹਿ-ਗਾਇਕਾਵਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ। ਜਿਹੜੀ ਗਾਇਕਾ ਨਾਲ ਉਹ ਸਟੇਜਾਂ 'ਤੇ ਜਾਂਦੇ ਨੇ, ਉਸੇ ਨੂੰ ਕਈ ਤਰ੍ਹਾਂ ਦੇ ਓਹਲਿਆਂ ਵਿੱਚ ਰੱਖਦੇ ਹਨ।'

ਜਿਹੜੀ ਗੁਲਸ਼ਨ ਕੋਮਲ ਦੀਆਂ ਅਦਾਵਾਂ ਦੇਖਣ ਲਈ ਕਿਸੇ ਵੇਲੇ ਦੂਰ-ਨੇੜੇ ਦੇ ਪਿੰਡਾਂ ਦੇ ਲੋਕ ਡਾਰਾਂ ਬੰਨ੍ਹ-ਬੰਨ੍ਹ ਪ੍ਰੋਗਰਾਮ ਵਾਲੀ ਥਾਂ ਜੁੜਦੇ ਸਨ, ਅੱਜ ਉਸ ਗੁਲਸ਼ਨ ਦੀ ਤੋਰ ਮੱਠੀ ਪੈ ਚੁੱਕੀ ਹੈ, ਉਸ ਦੇ ਐਨਕ ਲੱਗ ਚੁੱਕੀ ਹੈ, ਪੁਰਾਣੀਆਂ ਯਾਦਾਂ ਚੇਤੇ ਕਰ-ਕਰ ਉਹ ਝੁਰਦੀ ਰਹਿੰਦੀ ਹੈ ਅਤੇ ਸੋਚਾਂ ਦੀ ਤਾਣੀ 'ਚ ਉਲਝੀ ਆਖਦੀ ਹੈ, 'ਜੇ ਕਿਸੇ ਚੰਗੇ ਸ਼ਖ਼ਸ ਨਾਲ ਮੇਰਾ ਗਰੁੱਪ ਬਣ ਜਾਂਦਾ ਤਾਂ ਮੇਰਾ ਨਾਂ ਹੁਣ ਨਾਲੋਂ ਕਈ ਗੁਣਾ ਵੱਧ ਹੋਣਾ ਸੀ।'

# GTB Horticulture Ltd

*Our Commitment - Your Relief*



ਫਾਰਮ ਵਿੱਚ ਕੰਮ ਕਰਨ ਲਈ
ਵਰਕਰਾਂ ਦੀ ਜ਼ਰੂਰਤ ਹੈ
ਵਧੀਆ ਤਨਖਾਹ ਦਿੱਤੀ ਜਾਵੇਗੀ।

**Pickup & Drop Off Available**

Manpreet Singh Dhaliwal
021 147 1502

Manpreet Singh Batth
020 4057 2327

Email: gtb.horticulture@gmail.com

# ਹਾਕਸ ਬੇਅ 'ਚ ਰਗਬੀ ਮੈਚ ਤੋਂ ਬਾਅਦ ਚੱਲੀਆਂ ਗੋਲੀਆਂ




ਆਕਲੈਂਡ- ਸ਼ਨੀਵਾਰ ਨੂੰ ਹੇਸਟਿੰਗਜ਼ ਦੇ ਬਿਲ ਮੈਥਿਊਸਨ ਪਾਰਕ ਵਿੱਚ ਹਾਕਸ ਬੇ ਥਰਡ ਡਿਵੀਜ਼ਨ ਰਗਬੀ ਮੈਚ ਤੋਂ ਬਾਅਦ ਇੱਕ ਟੀਮ ਵੈਨ 'ਤੇ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਉੱਥੇ ਹੀ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਲਾਂਕਿ ਰਾਹਤ ਵਾਲੀ ਗੱਲ ਹੈ ਕਿ ਇਸ ਦੌਰਾਨ ਕੋਈ ਜ਼ਖਮੀ ਨਹੀਂ ਹੋਇਆ, ਪਰ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਇੱਕ ਫੋਟੋ ਵਿੱਚ ਯੰਗ ਮਾਓਰੀ ਪਾਰਟੀ (ਵਾਈਐਮਪੀ) ਟੀਮ ਦੀ ਬੱਸ ਦੀ ਇੱਕ ਵਾਰੀ {ਖਿੜਕੀ) ਗੋਲੀਆਂ ਦੇ ਛੇਕ ਨਾਲ ਭਰੀ ਦਿਖਾਈ ਦੇ ਰਹੀ ਹੈ।

ਇੱਕ ਬਿਆਨ ਵਿੱਚ ਹਾਕਸ ਬੇ ਏਰੀਆ ਕਮਾਂਡਰ ਇੰਸਪੈਕਟਰ ਲਿੰਕਨ ਸਾਇਕਾਮੋਰ ਨੇ ਕਿਹਾ ਕਿ, "ਕੱਲ੍ਹ ਦੁਪਹਿਰ 3:30 ਵਜੇ ਦੇ ਕਰੀਬ ਵਿਲੋਪਾਰਕ ਰੋਡ ਉੱਤੇ ਇੱਕ ਵੈਨ 'ਤੇ ਗੋਲੀਆਂ ਚਲਾਈਆਂ ਗਈਆਂ ਸੀ ਇਸ ਮਗਰੋਂ ਪੁਲਿਸ ਵੱਲੋਂ ਜਾਂਚ ਸ਼ੁਰੂ ਕੀਤੀ ਗਈ ਹੈ।" ਸ਼ੁਰੂਆਤੀ ਜਾਂਚ ਮਗਰੋਂ ਪੁਲਿਸ ਨੇ ਗੈਂਗਵਾਰ ਦਾ ਵੀ ਸ਼ੱਕ ਜਤਾਇਆ ਹੈ।




ਇੱਥੇ ਦੰਦਾਂ ਦਾ ਇਲਾਜ ਬਹੁਤ ਵਧੀਆਂ ਢੰਗ ਨਾਲ ਕੀਤਾ ਜਾਂਦਾ ਹੈ।
ਇਹਨਾਂ ਨਾਲ ਤੁਸੀ ਪੰਜਾਬੀ ਅਤੇ ਅੰਗਰੇਜੀ ਦੋਵੇ ਭਾਸ਼ਾ ਵਿੱਚ ਗੱਲਬਾਤ ਕਰ ਸਕਦੇ ਹੋ।

Dental check-ups for $50
include 2 x -rays*

Dental check-up include 2 x -rays
plus scale and polish for $150*

1/375 GREAT SOUTH ROAD, PAPATOETOE
201 MURPHYS ROAD, FLAT BUSH

092784830 papatoetoe375@gmail.com
099308315 Flatbushdental2018@gmail.com

*TERMS AND CONDITIONS APPLY

HOGD
HOUSE OF GOLD & DIAMOND BY GLITTER JEWELLERS

# HOUSE OF GOLD & DIAMOND



Sale on Now
on
All 22ct
Gold Jewellery

24 ਕੈਰਟ ਗੋਲਡ ਬਿਸਕੁੱਟ ਦੀ ਸਪੈਸ਼ਲ ਕੀਮਤ ਜਾਨਣ ਲਈ ਫੋਨ ਕਰੋ।

ਇੰਸ਼ੋਰੈਂਸ ਅਤੇ ਜਿਊਲਰੀ ਰਿਪੇਅਰ ਕਰਵਾਉਣ ਵਾਸਤੇ ਵੀ ਮਿਲੋ।
ਨੋਟ: ਇਥੇ ਰਾਸ਼ੀ ਦੇ ਨਗ ਵੀ ਮਿਲਦੇ ਹਨ। ਤੁਸੀਂ ਇਥੋਂ ਵਿਆਹ ਵਾਸਤੇ ਜਾਗੋ ਵੀ ਕਿਰਾਏ ਤੇ ਲੈ ਸਕਦੇ ਹੋ।

7/214 Great South Road, (Next to ASB Bank), Manurewa, AKL
Ph: 09-218 0105, Mob: 022 440 0000
www.glittercollection.co.nz | Email: glitterjewellers@yahoo.co.nz

# PM ਮੋਦੀ ਨੂੰ 'ਭਗਵਾਨ ਰਾਮ' ਦਾ ਦਰਜਾ ਦੇ ਕੇ ਕਸੂਤੀ ਫਸੀ ਕੰਗਣਾ ਰਣੌਤ

ਮੰਡੀ : ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਫਿਲਮੀ ਦੁਨੀਆ ਤੋਂ ਸਿਆਸਤ 'ਚ ਕਿਸਮਤ ਅਜ਼ਮਾਉਣ ਉਤਰੀ ਹੈ। ਉਥੇ ਹੀ ਕੰਗਨਾ ਰਣੌਤ ਦੇ ਬਿਆਨਾਂ ਨੂੰ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਗੰਭੀਰਤਾ ਨਾਲ ਲਿਆ ਹੈ। ਪਾਰਟੀ ਨੇ ਉਨ੍ਹਾਂ ਨੂੰ ਮੀਡੀਆ 'ਚ ਕਿਸੇ ਤਰ੍ਹਾਂ ਦਾ ਬਿਆਨ ਜਾਂ ਇੰਟਰਵਿਊ ਦੇਣ ਤੋਂ ਸਾਫ਼ ਮਨ੍ਹਾ ਕਰ ਦਿੱਤਾ ਹੈ।



ਮੰਡੀ ਤੋਂ ਭਾਜਪਾ ਦੀ ਉਮੀਦਵਾਰ ਕੰਗਨਾ ਰਣੌਤ ਪਾਰਟੀ ਲੀਡਰਸ਼ਿਪ ਦੀ ਇਜਾਜ਼ਤ ਤੋਂ ਬਿਨਾਂ ਹੁਣ ਕੋਈ ਬਿਆਨ ਨਹੀਂ ਦੇ ਸਕੇਗੀ।

ਗ੍ਰਹਿ ਖੇਤਰ ਸਰਕਾਘਾਟ 'ਚ 2 ਦਿਨ ਪਹਿਲਾਂ ਨੁੱਕੜ ਸਭਾ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭਗਵਾਨ ਰਾਮ ਦਾ ਅਵਤਾਰ ਦੱਸਣ ਨਾਲ ਪਾਰਟੀ ਦੀ ਕਿਰਕਿਰੀ ਹੋ ਰਹੀ ਹੈ। ਸੂਬੇ ਦੇ ਲੋਕ ਨਿਰਮਾਣ ਮੰਤਰੀ ਵਿਕਰਮਾਦਿੱਤਿਆ ਸਿੰਘ ਨੇ ਇਕ ਮਨੁੱਖ ਦੀ ਤੁਲਨਾ ਭਗਵਾਨ ਰਾਮ ਨਾਲ ਕਰਨ ਨੂੰ ਮੰਦਭਾਗਾ ਕਿਹਾ ਸੀ। ਉਨ੍ਹਾਂ ਦੇ ਪਹਿਲਾਂ ਦਿੱਤੇ ਵਿਵਾਦਤ ਬਿਆਨਾਂ ਦਾ ਵੀ ਕਾਂਗਰਸ ਲਾਹਾ ਲੈਣ 'ਚ ਲੱਗੀ ਹੈ।

ਸਰਕਾਘਾਟ ਦੇ ਵਿਧਾਇਕ ਦਲੀਪ ਠਾਕੁਰ ਨੂੰ 2 ਘੰਟੇ ਤੱਕ ਆਪਣੇ ਘਰ 'ਚ ਇੰਤਜ਼ਾਰ ਕਰਵਾਉਣ ਦਾ ਦੋਸ਼ ਵੀ ਕਾਂਗਰਸ ਲਾ ਰਹੀ ਹੈ। ਕਿਹਾ ਗਿਆ ਹੈ ਕਿ ਵਿਧਾਇਕ ਨੂੰ ਇੰਨਾ ਇੰਤਜ਼ਾਰ ਕਰਵਾਇਆ ਗਿਆ ਤਾਂ ਆਮ ਲੋਕਾਂ ਦਾ ਕੀ ਹੋਵੇਗਾ। ਮੰਗਲਵਾਰ ਨੂੰ ਕੰਗਨਾ ਰਣੌਤ ਦਾ ਦਰੰਗ ਹਲਕੇ ਦੇ ਸ਼ਿਵਾਬਦਾਰ 'ਚ ਪ੍ਰੋਗਰਾਮ ਸੀ। ਉਹ ਮਾਤਾ ਘਟਾਸਨੀ ਦੇ ਮੰਦਰ 'ਚ ਮੱਥਾ ਟੇਕਣ ਪਹੁੰਚੀ ਸੀ।

# IPL 'ਚ KKR ਦੀ ਹਾਰ 'ਤੇ ਅੱਗ ਬਾਬੂਲਾ ਹੋਏ ਸ਼ਾਹਰੁਖ ਖ਼ਾਨ



IPL 2024 ਦਾ ਉਤਸ਼ਾਹ ਸਾਰੇ ਕ੍ਰਿਕਟ ਪ੍ਰੇਮੀਆਂ ਨੂੰ ਦੀਵਾਨਾ ਬਣਾ ਰਿਹਾ ਹੈ। ਟੂਰਨਾਮੈਂਟ 'ਚ ਅੱਗੇ ਵਧਣ ਲਈ ਸਾਰੀਆਂ ਟੀਮਾਂ ਆਪਣੀ ਜਾਨ ਜੋਖ਼ਮ 'ਚ ਪਾ ਰਹੀਆਂ ਹਨ। ਇਨ੍ਹਾਂ 'ਚ ਸ਼ਾਹਰੁਖ ਖ਼ਾਨ ਦੀ ਟੀਮ 'ਕੋਲਕਾਤਾ ਨਾਈਟ ਰਾਈਡਰਜ਼' ਵੀ ਸ਼ਾਮਲ ਹੈ। ਕਿੰਗ ਖ਼ਾਨ ਨਾਲ ਅਦਾਕਾਰਾ ਜੂਹੀ ਚਾਲਵਾ ਵੀ 'ਕੇ. ਕੇ. ਆਰ' ਦੀ ਸਹਿ-ਮਾਲਕ ਹੈ। ਬਿਜ਼ਨੈੱਸ ਪਾਰਟਨਰ ਹੋਣ ਦੇ ਨਾਲ-ਨਾਲ ਸ਼ਾਹਰੁਖ ਅਤੇ ਜੂਹੀ ਚਾਵਲਾ ਅਸਲ ਜ਼ਿੰਦਗੀ 'ਚ ਵੀ ਕਰੀਬੀ ਦੋਸਤ ਹਨ ਪਰ ਫ਼ਿਲ ਮੈਚਾਂ ਦੌਰਾਨ ਇਕ-ਦੂਜੇ ਨਾਲ ਬੈਠਣਾ ਮੁਸ਼ਕਿਲ ਹੋ ਜਾਂਦਾ ਹੈ।

ਜੂਹੀ ਚਾਵਲਾ ਨੇ ਖੁਲਾਸਾ ਕੀਤਾ ਹੈ ਕਿ ਫ਼ਿਲ ਮੈਚਾਂ ਦੌਰਾਨ ਸ਼ਾਹਰੁਖ ਖ਼ਾਨ ਟੀਮ ਦੇ ਖਰਾਬ ਪ੍ਰਦਰਸ਼ਨ ਲਈ ਆਪਣਾ ਗੁੱਸਾ ਉਸ 'ਤੇ ਕੱਢਦੇ ਹਨ। ਅਜਿਹੇ 'ਚ ਅਭਿਨੇਤਰੀ ਉਸ ਨਾਲ ਬੈਠ ਕੇ ਫ਼ਿਲ ਮੈਚ ਦੇਖਣ ਤੋਂ ਬਚਦੀ ਹੈ। ਆਈ. ਏ. ਐੱਨ. ਐੱਸ. ਨਾਲ ਗੱਲ ਕਰਦਿਆਂ ਜੂਹੀ ਚਾਵਲਾ ਨੇ ਕਿਹਾ, "ਆਈ. ਪੀ. ਐਲ' ਹਮੇਸ਼ਾ ਰੋਮਾਂਚਕ ਹੁੰਦਾ ਹੈ। ਜਦੋਂ ਸਾਡੀ ਟੀਮ ਖੇਡਦੀ ਹੈ ਤਾਂ ਅਸੀਂ ਸਾਰੇ ਆਪਣੇ ਟੈਲੀਵਿਜ਼ਨ ਸੈੱਟਾਂ ਦੇ ਸਾਹਮਣੇ ਹੁੰਦੇ ਹਾਂ, ਉਨ੍ਹਾਂ ਨੂੰ ਦੇਖਣਾ ਦਿਲਚਸਪ ਹੁੰਦਾ ਹੈ ਅਤੇ ਅਸੀਂ ਸਾਰੇ ਬਹੁਤ ਤਣਾਅ 'ਚ ਵੀ ਹੁੰਦੇ ਹਾਂ।"

ਸ਼ਾਹਰੁਖ ਬਾਰੇ ਗੱਲ ਕਰਦੇ ਹੋਏ ਅਦਾਕਾਰਾ ਨੇ ਅੱਗੇ ਕਿਹਾ, "ਉਨ੍ਹਾਂ ਨਾਲ ਮੈਚ ਦੇਖਣਾ ਚੰਗਾ ਨਹੀਂ ਹੈ ਕਿਉਂਕਿ ਜਦੋਂ ਸਾਡੀ ਟੀਮ ਵਧੀਆ ਪ੍ਰਦਰਸ਼ਨ ਨਹੀਂ ਕਰ ਪਾਉਂਦੀ ਹੈ ਤਾਂ ਉਹ ਆਪਣਾ ਗੁੱਸਾ ਮੇਰੇ 'ਤੇ ਕੱਢਦੇ ਹਨ। ਮੈਂ ਉਨ੍ਹਾਂ ਨੂੰ ਕਹਿੰਦੀ ਹਾਂ ਕਿ ਉਹ ਇਹ ਗੱਲ ਮੈਨੂੰ ਨਹੀਂ ਸਗੋਂ ਟੀਮ ਨੂੰ ਦੱਸੇ। ਇਸ ਲਈ ਅਸੀਂ ਮੈਚ ਦੇਖਣ ਲਈ ਸਹੀ ਲੋਕ ਨਹੀਂ ਹਾਂ। ਮੈਨੂੰ ਲੱਗਦਾ ਹੈ ਕਿ ਇਹੀ ਗੱਲ ਕਈ ਮਾਲਕਾਂ 'ਤੇ ਲਾਗੂ ਹੁੰਦੀ ਹੈ, ਜੋ ਜਦੋਂ ਵੀ ਉਨ੍ਹਾਂ ਦੀਆਂ ਟੀਮਾਂ ਖੇਡਦੀਆਂ ਹਨ ਤਾਂ ਪਸੀਨੇ ਨਾਲ ਭਿੱਜ ਹੁੰਦੇ ਹਨ।

ਜੂਹੀ ਚਾਵਲਾ ਅਤੇ ਸ਼ਾਹਰੁਖ ਖ਼ਾਨ ਦੀ ਗਿਣਤੀ ਬਾਲੀਵੁੱਡ ਦੀਆਂ ਸੁਪਰਹਿੱਟ ਜੋੜੀਆਂ 'ਚ ਹੁੰਦੀ ਹੈ। ਦੋਵਾਂ ਨੇ 'ਭੂਤਨਾਥ', 'ਡਰ', 'ਫਿਰ ਵੀ ਦਿਲ ਹੈ ਹਿੰਦੁਸਤਾਨੀ', 'ਰਾਮ ਜਾਨੇ', 'ਡੁਪਲੀਕੇਟ', 'ਯੈੱਸ ਬੌਸ', 'ਰਾਜੂ ਬਨ ਗਿਆ ਜੈਂਟਲਮੈਨ', 'ਵਨ 2 ਕਾ 4' ਸਮੇਤ ਕਈ ਫ਼ਿਲਮਾਂ 'ਚ ਇਕੱਠੇ ਕੰਮ ਕੀਤਾ ਹੈ।

GOLIAN
Consultants
Immigration Specialists
since 1988.

Contact us for:
* Business Visa Assessment
* Skilled Work Visa Assessment
*Student Visa Assessment

Level 1, 3 Campbell Road,
Royal Oak, Auckland
NEW ZEALAND
Email: golian@golian.co.nz
Phone: 021 624 120, 096 241 204



NZ INDIAN SPORTS & CULTURAL CLUB INC.

PRESENTS

# ਮੇਲਾ ਪੰਜਾਬਣਾਂ ਦਾ

# LADIES CULTURAL NIGHT 2024 (LADIES ONLY)



Aman Dhaliwal | Jasmeen Chotian | Neetu Nadha

$10 ENTRY,

Food Stalls will be there

## FRI, 19 APRIL 2024 - 6:30PM
## PAPATOETOE TOWN HALL

31 ST GEORGE STREET, PAPATOETOE, AUCKLAND

ਗਿੱਧਾ ਅਤੇ ਰੰਗਾ-ਰੰਗ ਪ੍ਰੋਗਰਾਮ

Tickets Available
DH Supermarket Papatoetoe
Kwality Mini Bazar Papatoetoe
Indo Spice World Papatoetoe

Chill Out Indian Restaurant & Bar

**Sponsored by: Dr. Mohinderpal Singh, Inderjit Singh Kalkat, Karnail Badhan JP, (Zyka Homes), Amanpreet Singh (Super Liquor Pukekohe)**

Thirsty Liquor · mahindra Rise · Harcourts Topline · Rubal Singh Real Estate · DH Supermarket · Professional Financial Solutions Group · Mehak E wattan .com · Sparkles Jewellers · DJ Desi · Travel Point · HOGD · Chill Out Indian Restaurant & Bar · KWALITY MINI BAZAAR · Kiwi Car Repairs · iSIGNS Design - Print - Signage 0800 03 03 99 · ARDASS TRAVEL · NZ Punjabi News · Saade Aala · Kuk Punjabi Samachar · Punjabi Herald · NZ Tasveer · radio SPiCE NZ · Planet FM104.6 · Daily Khabar

For More Information Please Contact:

Jassi Brar - 021 255 8338, Sarabjit Sidhu - 022 030 9896



# ਸਬਜੀਆਂ ਬਣਾਉਣ ਦੇ ਢੰਗ











## 01 ਸੁੱਕੀ ਭਿੰਡੀ

(ਸਮੱਗਰੀ)

| | | |
|---|---|---|
| ਛੋਟੀ ਨਰਮ ਹਰੀ ਭਿੰਡੀ | : | 1/2 ਕਿਲੋ |
| ਪੀਸਿਆ ਧਨੀਆਂ | : | 1 ਚਮਚਾ |
| ਲੰਬੇ ਕੱਟੇ ਹੋਏ ਪਿਆਜ਼ | : | 2 |
| ਪੀਸਿਆ ਹੋਇਆ ਜ਼ੀਰਾ | : | 1 ਚਮਚਾ |
| ਲੰਬੀ ਕੱਟੀ ਹੋਈ ਸ਼ਿਮਲਾ ਮਿਰਚ | : | 2 |
| ਹਰਾ ਧਨੀਆਂ | : | ਥੋੜਾ ਜਿਹਾ |
| ਲੰਬੇ ਕੱਟੇ ਗੁੱਦਾ ਕੱਢੇ ਹੋਏ ਟਮਾਟਰ | : | 2 |
| ਨਿੰਬੂ | : | 1 |
| ਸਰੋਂ | : | 1 ਛੋਟਾ ਚਮਚਾ |
| ਹਿੰਗ | : | ਦੋ ਚੁਟਕੀਆਂ |
| ਹਲਦੀ | : | 1 ਚਮਚਾ |
| ਪੀਸੀ ਹੋਈ ਲਾਲ ਮਿਰਚ | : | 1 ਚਮਚਾ |
| ਰਿਫਾਇੰਡ ਤੇਲ | : | ਲੋੜ ਅਨੁਸਾਰ |
| ਨਮਕ | : | ਸਵਾਦ ਅਨੁਸਾਰ |

**ਢੰਗ-ਤਰੀਕਾ** : ਭਾਰੀ ਥੱਲੇ ਵਾਲੀ ਕੜਾਹੀ ਵਿਚ ਰਿਫਾਇੰਡ ਤੇਲ ਪਾਕੇ ਗਰਮ ਕਰੋ। ਭਿੰਡੀਆਂ ਪਾਕੇ ਫ਼ਰਾਈ ਕਰਕੇ ਕੱਢ ਲਵੋ। ਹੁਣ ਲੰਬੀਆਂ ਕੱਟੀਆਂ ਹੋਈਆਂ ਸ਼ਿਮਲਾ ਮਿਰਚਾ ਪਾਵੋ ਅਤੇ ਫ਼ਰਾਈ ਕਰਕੇ ਕੱਢ ਲਵੋ। ਹੁਣ ਸਰੋਂ ਅਤੇ ਹਿੰਗ ਪਾਵੋ, ਚਟਕਣ ਤੇ ਫਰਾਈ ਹੋ ਜਾਣ ਤੇ ਕੱਟਿਆ ਹੋਇਆ ਪਿਆਜ਼ ਪਾਵੋ। ਜਦੋਂ ਪਿਆਜ਼ ਥੋੜਾ ਜਿਹਾ ਭੁੰਨਿਆ ਜਾਵੇ ਤਾਂ ਹਲਦੀ ਪਾਕੇ ਭੁੰਨੋ। ਹੁਣ ਲਾਲ ਮਿਰਚ, ਧਨੀਆਂ, ਜ਼ੀਰਾ ਅਤੇ ਨਮਕ ਪਾਕੇ ਮਿਲਾਵੋ। ਭਿੰਡੀਆਂ ਪਾਕੇ ਚੰਗੀ ਤਰ੍ਹਾਂ ਮਿਕਸ ਕਰ ਲਵੋ। ਇਸਦੇ ਨਾਲ ਹੀ ਸ਼ਿਮਲਾ ਮਿਰਚ ਅਤੇ ਟਮਾਟਰ ਵੀ ਪਾ ਦੇਵੋ। ਦੋ-ਤਿੰਨ ਮਿੰਟ ਢੱਕ ਕੇ ਸੇਕ ਲਵਾ ਲਵੋ। ਖੋਹਲਕੇ ਨਿੰਬੂ ਦਾ ਰਸ ਪਾਵੋ ਅਤੇ ਹਰਾ ਧਨੀਆਂ ਭੁੱਕਕੇ ਗਰਮਾ-ਗਰਮ ਪਰੋਸੋ ਦਿਵੋ। ਧਾਗਾ ਲਪੇਟ ਕੇ ਕਰੇਲਿਆਂ ਨੂੰ ਕਾਫ਼ੀ ਦੇਰ ਤੱਕ ਭੁੰਨਦੇ ਰਹੋ। ਇਸ ਨਾਲ ਉਹ ਨਰਮ ਵੀ ਹੋਣਗੇ ਅਤੇ ਲਾਲ ਵੀ ਹੋ ਜਾਣਗੇ। ਹੁਣ ਇਹਨਾਂ ਨੂੰ ਕੱਢਕੇ ਇਕ ਪਾਸੇ ਰੱਖ ਦੇਵੋ। ਇਕ ਕੱਪ ਲੰਬਾ ਕੱਟਿਆ ਹੋਇਆ ਪਿਆਜ਼ ਹਲਕਾ ਜਿਹਾ ਭੁੰਨੋ। ਇਸ ਵਿਚ ਨਮਕ, ਹਲਦੀ ਤੇ ਅੰਬਚੂਰ ਪਾ ਦੇਵੋ ਅਤੇ ਨਾਲ ਹੀ ਫ਼ਰਾਈਡ ਕਰੇਲੇ ਪਾਕੇ 8-10 ਮਿੰਟ ਢਕ ਕੇ ਸੇਕ ਲਵਾਵੋ। ਬਾਹਰ ਕੱਢਕੇ ਧਾਗਾ ਲਾਹ ਦੇਵੋ ਅਤੇ ਪਰੋਸੋ।

## 02 ਸੁੱਕੀ ਭਰਵੀਂ ਸ਼ਿਮਲਾ ਮਿਰਚ

(ਸਮੱਗਰੀ)

| | | |
|---|---|---|
| ਤਾਜ਼ੀ ਸ਼ਿਮਲਾ ਮਿਰਚ | : | 6-7 |
| ਪੀਸੀ ਹੋਈ ਲਾਲ ਮਿਰਚ | : | 1/2 ਚਮਚਾ |
| ਪੀਸੀ ਹੋਈ ਹਲਦੀ | : | 1/2 ਚਮਚਾ |
| ਉੱਬਲੇ ਹੋਏ ਮਟਰ | : | 1 ਕੱਪ |
| ਪੀਸਿਆ ਹੋਇਆ ਧਨੀਆਂ | : | 1 ਚਮਚਾ |
| ਬਾਰੀਕ ਕੱਟਿਆ ਹੋਇਆ ਪਨੀਰ | : | 1/2 ਕੱਪ |
| ਪੀਸਿਆ ਹੋਇਆ ਜ਼ੀਰਾ | : | 1/2 ਚਮਚਾ |
| ਬਾਰੀਕ ਕੱਟਿਆ ਹੋਇਆ ਟਮਾਟਰ | : | 1/2 ਕੱਪ |
| ਗਰਮ ਮਸਾਲਾ | : | 1/2 ਚਮਚਾ |
| ਬਾਰੀਕ ਕੱਟਿਆ ਉੱਬਲਿਆ ਆਲੂ | : | 1/2 ਕੱਪ |
| ਨਿੰਬੂ ਦਾ ਰਸ | : | 2 ਚਮਚੇ |
| ਕੱਟਿਆ ਹੋਇਆ ਕਾਜੂ | : | 2 ਚਮਚੇ |
| ਕਿਸ਼ਮਿਸ਼ (ਦਾਖਾਂ) | : | 1 ਚਮਚਾ |
| ਬਾਰੀਕ ਕੱਟਿਆ ਅਦਰਕ | : | ਦੋ ਚਮਚੇ |
| ਨਮਕ | : | ਸਵਾਦ ਅਨੁਸਾਰ |

**ਢੰਗ-ਤਰੀਕਾ** : ਸ਼ਿਮਲਾ ਮਿਰਚਾ ਲਗਭਗ ਇਕੋ ਜਿਹੇ ਆਕਾਰ ਦੀਆਂ ਮੋਟੀਆਂ ਅਤੇ ਵੱਡੀਆਂ ਲਵੋ। ਉਪਰੋ ਕੱਟਕੇ ਵਿੱਚੋ ਬੀਜ਼ ਕੱਢ ਦੇਵੋ। ਚਿਮਟ ਨਾਲ ਫੜਕੇ ਇਕ-ਇਕ ਨੂੰ ਘੁੰਮਾਉਂਦੇ ਹੋਏ ਫ਼ਰਾਈ ਕਰਕੇ ਰੱਖ ਲਵੋ। ਇਹਨਾਂ ਨੂੰ ਭੂਰਾ ਨਾ ਹੋਣ ਦੇਵੋ। ਕੜਾਹੀ ਵਿਚ ਥੋੜਾ ਜਿਹਾ ਘਿਉ ਗਰਮ ਕਰੋ। ਇਸ ਵਿਚ ਬਾਰੀਕ ਕੱਟਿਆ ਅਦਰਕ, ਹਰੀ ਮਿਰਚ ਪਾਕੇ ਹਲਕਾ ਜਿਹਾ ਭੁੰਨ ਲਵੋ। ਨਾਲ ਹੀ ਦਾਖਾਂ ਅਤੇ ਕਾਜੂ ਵੀ ਭੁੰਨ ਲਵੋ। ਹਲਕਾ ਜਿਹਾ ਭੁੰਨਕੇ ਹਲਦੀ, ਲਾਲ ਮਿਰਚ, ਧਨੀਆਂ, ਜ਼ੀਰਾ ਤੇ ਗਰਮ ਮਸਾਲਾ ਪਾ ਦੇਵੋ। ਹੁਣ ਸਾਰੀਆਂ ਸਬਜ਼ੀਆਂ ਪਾਕੇ ਚੰਗੀ ਤਰ੍ਹਾਂ ਮਿਲਾ ਲਵੋ। ਨਮਕ ਵੀ ਪਾ ਦੇਵੋ, 2 ਮਿੰਟ ਢਕ ਦੇਵੋ। ਹੁਣ ਖੋਲਹਕੇ ਨਿੰਬੂ ਦਾ ਰਸ ਪਾ ਦੇਵੋ। ਇਸ ਸਭ ਕਾਸੇ ਨੂੰ ਲਾਹਕੇ ਸ਼ਿਮਲਾ ਮਿਰਚਾ ਅੰਦਰ ਭਰ ਦੇਵੋ। ਪਰੋਸਦੇ ਸਮੇਂ ਉਪਰ ਕਰੀਮ ਅਤੇ ਹਰਾ ਧਨੀਆਂ ਪਾ ਲਵੋ। ਜੇਕਰ ਚਾਹੋ ਤਾਂ ਭਰਨ ਤੋਂ ਬਾਦ ਸ਼ਿਮਲਾ ਮਿਰਚ ਨੂੰ ਵਿਚਕਾਰੋਂ ਅੱਧੀ-ਅੱਧੀ ਤੇਜ ਚਾਕੂ ਨਾਲ ਕੱਟਕੇ ਵੀ ਪਰੋਸ ਸਕਦੇ ਹੋ।

## 03



### ਫ਼ਰਾਈਡ ਭਰਵੇਂ ਕਰੇਲੇ

(ਸਮੱਗਰੀ)

| | | |
|---|---|---|
| ਪਤਲੇ ਤੇ ਲੰਬੇ ਕਰੇਲੇ | : | 8-10 |
| ਪੀਸੀ ਹੋਈ ਲਾਲ ਮਿਰਚ | : | 1 ਚਮਚਾ |
| ਬਾਰੀਕ ਕੱਟਿਆ ਹੋਇਆ ਪਿਆਜ਼ | : | 1 ਕੱਪ |
| ਹਲਦੀ | : | 3/4 ਚਮਚਾ |
| ਪੀਸੀ ਹੋਈ ਸੌਂਫ | : | 1 ਚਮਚਾ |
| ਪੀਸਿਆ ਹੋਇਆ ਧਨੀਆਂ | : | 1 ਚਮਚਾ |
| ਨਮਕ | : | ਸਵਾਦ ਅਨੁਸਾਰ |

**ਢੰਗ-ਤਰੀਕਾ** : ਪਤਲੇ ਤੇ ਲੰਬੇ ਕਰੇਲਿਆਂ ਨੂੰ ਥੋੜਾ-ਥੋੜਾ ਛਿੱਲ ਲਵੋ, ਉਹਨਾਂ ਨੂੰ ਚੀਰਾ ਦੇਕੇ, ਨਮਕ ਲਾਕੇ ਕੁੱਝ ਚਿਰ ਰੱਖ ਦੇਵੋ। ਫੇਰ ਧੋਕੇ ਸੁਕਾ ਲਵੋ। ਕੜਾਹੀ ਵਿਚ ਇਕ ਵੱਡਾ ਚਮਚਾ ਸਰੋਂ ਦਾ ਤੇਲ ਵੱਧ ਗਰਮ ਕਰਕੇ ਥੋੜਾ ਜਿਹਾ ਠੰਡਾ ਕਰ ਲਵੋ ਤੇ ਪਿਆਜ਼ ਪਾਕੇ ਥੋੜਾ ਜਿਹਾ ਭੁੰਨ ਲਵੋ। ਇਸ ਵਿਚ ਸਾਰੇ ਮਿਰਚ ਮਸਾਲ ਪਾਕੇ ਹੇਠਾਂ ਲਾਹ ਲਵੋ। ਠੰਡਾ ਹੋ ਜਾਣ ਤੇ ਇਸਨੂੰ ਕਰੇਲਿਆਂ ਵਿਚ ਭਰ ਦੇਵੋ। ਧਾਗਾ ਲਪੇਟ ਕੇ ਕਰੇਲਿਆਂ ਨੂੰ ਕਾਫ਼ੀ ਦੇਰ ਤੱਕ ਭੁੰਨਦੇ ਰਹੋ। ਇਸ ਨਾਲ ਉਹ ਨਰਮ ਵੀ ਹੋਣਗੇ ਅਤੇ ਲਾਲ ਵੀ ਹੋ ਜਾਣਗੇ। ਹੁਣ ਇਹਨਾਂ ਨੂੰ ਕੱਢਕੇ ਇਕ ਪਾਸੇ ਰੱਖ ਦੇਵੋ। ਇਕ ਕੱਪ ਲੰਬਾ ਕੱਟਿਆ ਹੋਇਆ ਪਿਆਜ਼ ਹਲਕਾ ਜਿਹਾ ਭੁੰਨੋ। ਇਸ ਵਿਚ ਨਮਕ, ਹਲਦੀ ਤੇ ਅੰਬਚੂਰ ਪਾ ਦੇਵੋ ਅਤੇ ਨਾਲ ਹੀ ਫ਼ਰਾਈਡ ਕਰੇਲੇ ਪਾਕੇ 8-10 ਮਿੰਟ ਢਕ ਕੇ ਸੇਕ ਲਵਾਵੋ। ਬਾਹਰ ਕੱਢਕੇ ਧਾਗਾ ਲਾਹ ਦੇਵੋ ਅਤੇ ਪਰੋਸੋ।

## 04



### ਫਰਾਈਡ ਕਾਬਲੀ ਛੋਲੇ

(ਸਮੱਗਰੀ)

| | | |
|---|---|---|
| ਕਾਬਲੀ ਛੋਲੇ | : | 2 ਕੱਪ |
| ਜ਼ੀਰਾ ਪੀਸਿਆ ਹੋਇਆ | : | 1½ ਵੱਡਾ ਚਮਚਾ |
| ਗਰਮ ਮਸਾਲਾ | : | 1/2 ਚਮਚਾ |
| ਪੀਸਿਆ ਅਨਾਰਦਾਣਾ | : | 2 ਵੱਡੇ ਚਮਚੇ |
| ਬਾਰੀਕ ਕੱਟਿਆ ਹੋਇਆ ਪਿਆਜ਼ | : | 2 |
| ਅੰਬਚੂਰ | : | 1 ਵੱਡਾ ਚਮਚਾ |
| ਅਦਰਕ-ਲਸ਼ਣ ਪੇਸਟ | : | 1 ਚਮਚਾ |
| ਪੀਸੀ ਹੋਈ ਲਾਲ ਮਿਰਚ | : | 1 ਵੱਡਾ ਚਮਚਾ |
| ਬਾਰੀਕ ਕੱਟੀ ਹੋਈ ਹਰੀ ਮਿਰਚ | : | 2 |
| ਧਨੀਆਂ ਪੀਸਿਆ ਹੋਇਆ | : | 1½ ਵੱਡਾ ਚਮਚਾ |
| ਨਮਕ | : | ਸਵਾਦ ਅਨੁਸਾਰ |

**ਢੰਗ-ਤਰੀਕਾ** : 2 ਕੱਪ ਕਾਬਲੀ ਛੋਲੇ ਰਾਤ ਨੂੰ ਪਾਣੀ ਵਿਚ ਭਿਉ ਦੇਵੋ। ਸੁਬਾਹ ਉਬਾਲਣ ਵਕਤ ਥੋੜਾ ਜਿਹਾ ਨਮਕ ਤੇ ਅੱਧਾ ਚਮਚਾ ਗਰਮ ਮਸਾਲਾ ਪਾਕੇ ਉੱਬਾਲੋ। ਕੜਾਹੀ ਵਿਚ ਘਿਉ ਗਰਮ ਕਰੋ ਅਤੇ ਪਿਆਜ਼ ਪਾਕੇ ਭੁੰਨੋ। ਇਸ ਵਿਚ ਅਦਰਕ-ਲਸ਼ਣ ਪਾਕੇ ਵੱਧ ਭੂਰਾ ਹੋ ਜਾਣ ਤੱਕ ਭੁੰਨੋ। ਹੁਣ ਸਾਰੇ ਮਸਾਲੇ ਪਾ ਦੇਵੋ ਅਤੇ ਥੋੜਾ ਜਿਹਾ ਭੁੰਨ ਲਵੋ। ਇਸ ਵਿਚ ਉੱਬਲੇ ਛੋਲਿਆਂ ਦਾ ਪਾਣੀ 2 ਕੱਪ ਪਾਕੇ 5 ਮਿੰਟ ਉੱਬਲਣ ਦੇਵੋ। ਮਸਾਲੇ ਫੁੱਲ ਜਾਣਗੇ ਅਤੇ ਤਰੀ ਗਾੜ੍ਹੀ ਹੋ ਜਾਵੇਗੀ। ਹੁਣ ਉੱਬਲੇ ਹੋਏ ਛੋਲੇ ਪਾਕੇ ਤੇਜ਼ ਸੇਕ ਤੇ ਪਕਾਵੋ ਤਾਂ ਕਿ ਸਾਰਾ ਮਸਾਲਾ ਛੋਲਿਆਂ ਉਪਰ ਚੜ ਜਾਵੇ। ਪਰੋਸਦੇ ਸਮੇਂ ਛੋਲਿਆਂ ਨੂੰ ਸਰਵਿੰਗ ਬਾਊਲ ਵਿਚ ਪਾਵੋ। ਇਸ ਉੱਪਰ ਗੋਲ ਕੱਟਿਆ ਹੋਇਆ ਪਿਆਜ਼, ਟਮਾਟਰ ਦੇ ਲੰਬੇ ਕੱਟੇ ਹੋਏ ਪੀਸ, ਉੱਬਲੇ ਆਲੂ ਦੇ ਛੋਟੇ-ਛੋਟੇ ਕੱਟੇ ਹੋਏ ਟੁਕੜੇ ਅਤੇ ਹਰੀ ਮਿਰਚ ਪਾਕੇ ਸਜਾਵੋ। ਇਕ ਕੜਛੀ ਧੂੰਆ ਨਿਕਲਣ ਤੱਕ ਗਰਮ ਕਰੋ ਅਤੇ ਛੋਲਿਆਂ ਉਪਰ ਪਾਕੇ ਢਕ ਦੇਵੋ। 5-7 ਮਿੰਟ ਦੇ ਬਾਦ ਖੋਹਲਕੇ ਪਰੋਸੋ। ਇਸਦੇ ਨਾਲ ਨਿੰਬੂ ਦੇ ਕੱਟੇ ਹੋਏ ਪੀਸ ਪਰੋਸਣੇ ਨਾ ਭੁੱਲੋ।

## 05



### ਸੁੱਕੀ ਅਰਬੀ

(ਸਮੱਗਰੀ)

| | | |
|---|---|---|
| ਅਰਬੀ | : | 1/2 ਕਿਲੋ |
| ਪੀਸੀ ਹੋਈ ਹਲਦੀ | : | 1 ਚਮਚਾ |
| ਪਿਆਜ਼ ਦਾ ਪੇਸਟ (ਮੋਟਾ ਪੀਸਿਆ ਹੋਇਆ) | : | 1 ਕੱਪ |
| ਪੀਸਿਆ ਹੋਇਆ ਜ਼ੀਰਾ | : | 1 ਚਮਚਾ |
| ਟਮਾਟਰ ਪੇਸਟ (ਮੋਟਾ ਕੁੱਟਿਆ ਹੋਇਆ) | : | 1/2 ਕੱਪ |
| ਗਰਮ ਮਸਾਲਾ | : | 1/2 ਚਮਚਾ |
| ਗਾੜ੍ਹਾ ਦਹੀਂ | : | 1 ਕੱਪ |
| ਪੀਸਿਆ ਹੋਇਆ ਧਨੀਆਂ | : | 1/2 ਚਮਚਾ |
| ਅਦਰਕ ਲਸ਼ਣ ਪੇਸਟ | : | 2 ਚਮਚੇ |
| ਪੀਸੀ ਹੋਈ ਲਾਲ ਮਿਰਚ | : | 1 ਚਮਚਾ |
| ਨਮਕ | : | ਸਵਾਦ ਅਨੁਸਾਰ |

**ਢੰਗ-ਤਰੀਕਾ** : ਇਕ ਹੀ ਸਾਈਜ ਦੀ ਅਰਬੀ ਲਵੋ। ਧੋਕੇ ਕੁੱਕਰ ਵਿਚ ਇਕ ਸੀਟੀ ਲੱਗਣ ਤੱਕ ਉੱਬਾਲੋ ਤੇ ਕੁੱਕਰ ਨੂੰ 2-3 ਮਿੰਟਾ ਮਗਰੋਂ ਖੋਲੋ। ਅਰਬੀ ਨੂੰ ਛਿੱਲਕੇ ਭੂਰਾ ਜਿਹਾ ਹੋਣ ਤੱਕ ਚੰਗੀ ਤਰ੍ਹਾਂ ਫਰਾਈ ਕਰੋ। ਹੁਣ ਇਸ ਦਾ ਖੌਂਚਾ ਕਰ ਲਵੋ। ਭਾਰੇ ਥੱਲੇ ਵਾਲੀ ਕੜਾਹੀ ਵਿਚ ਡੇਢ ਕੜਛੀ ਰਿਫਾਈਂਡ ਤੇਲ ਪਾਕੇ ਗਰਮ ਕਰੋ ਤੇ ਪਿਆਜ਼ ਪਾਕੇ ਥੋੜਾ ਜਿਹਾ ਭੂਰਾ ਕਰ ਲਵੋ। ਹੁਣ ਅਦਰਕ ਲਸ਼ਣ ਦਾ ਪੇਸਟ ਪਾ ਦੇਵੋ, ਬਰਾਊਨ ਹੋਣ ਤੱਕ ਭੁੰਨੋ। ਹਲਦੀ ਪਾਕੇ ਥੋੜਾ ਜਿਹਾ ਭੁੰਨੋ ਬਾਦ ਵਿਚ ਲਾਲ ਮਿਰਚ, ਧਨੀਆਂ, ਜ਼ੀਰਾ ਪਾਕੇ ਭੁੰਨੋ। ਹੁਣ ਗਾੜ੍ਹਾ ਦਹੀਂ ਪਾਵੋ ਅਤੇ ਤੇਲ ਛੱਡਣ ਤੱਕ ਭੁੰਨਦੇ ਰਹੋ। ਫੇਰ ਨਮਕ, ਅਰਬੀ ਅਤੇ ਟਮਾਟਰ ਪਾਕੇ ਢੱਕਣ ਲਾਕੇ ਪਕਾਵੋ। ਵਿਚ-ਵਿਚ ਦੀ ਹਿਲਾਉਂਦੇ ਰਹੋ ਤਾਂ ਕਿ ਥੱਲੇ ਨਾ ਲੱਗ ਜਾਵੇ। ਜਦੋਂ ਟਮਾਟਰ ਭੁੱਜਣ ਲੱਗ ਜਾਣ ਅਤੇ ਘਿਉ ਛੱਡਣ ਲੱਗ ਜਾਣ ਤਾਂ ਗਰਮ ਮਸਾਲਾ ਭੁੱਕ ਕੇ ਹੇਠਾਂ ਲਾਹ ਲਵੋ। ਪਰੋਸਣ ਵਕਤ ਇਸ ਉਪਰ ਥੋੜੀ ਜਿਹੀ ਕਰੀਮ ਅਤੇ ਹਰਾ ਧਨੀਆਂ ਜਰੂਰ ਪਾ ਲਵੋ।




# ਖਾਲਸਾ ਪੰਥ

ਸੰਨ 1699 ਦੀ ਆਈ ਵਿਸਾਖੀ
ਤੇ ਕੱਠਾ ਹੋਇਆ ਆਲਮ ਸਾਰਾ
ਦਸ਼ਮੇਸ਼ ਗੁਰੂ ਗੋਬਿੰਦ ਸਿੰਘ ਨੇ
ਇਕ ਰਚਿਆ ਕੌਤਕ ਨਿਆਰਾ
ਹੱਥ ਵਿੱਚ ਲੈ ਸ਼ਮਸ਼ੀਰ ਗੁਰਾਂ ਨੇ,
ਇਕ ਸਿਰ ਦਾ ਸਵਾਲ ਪਾਇਆ
ਇਕ ਇਕ ਕਰਕੇ ਪੰਜ ਸਿੱਖਾਂ ਨੇ
ਗੁਰੂ ਦੀ ਚਰਨੀ ਸੀਸ ਨਿਭਾਇਆ
ਬਾਟੇ ਦੇ ਵਿੱਚ ਪਾ ਕੇ ਅੰਮ੍ਰਿਤ,
ਗੁਰੂ ਜੀ ਨੇ ਪੰਜਾਂ ਨੂੰ ਅੰਮ੍ਰਿਤ ਛਕਾਇਆ
ਪੰਜਾਂ ਤੋਂ ਫਿਰ ਆਪ ਛਕਿਆ ਤੇ
ਗੁਰ ਚੇਲਾ ਆਪ ਕਹਾਇਆ
ਮਜ਼ਲੂਮਾਂ ਦੀ ਰੱਖਿਆ ਖਾਤਿਰ
ਉਨ੍ਹਾਂ ਖਾਲਸਾ ਪੰਥ ਸਜਾਇਆ
ਗਿਦੜਾਂ ਤੋਂ ਉਨ੍ਹਾਂ ਸ਼ੇਰ ਬਣਾ ਕੇ
ਸਵਾ ਲੱਖ ਨਾਲ ਇਕ ਲੜਾਇਆ
ਔਰੰਗਜ਼ੇਬ ਦੇ ਜ਼ੁਲਮਾਂ ਅੱਗੇ
ਉਨ੍ਹਾਂ ਕਦੇ ਨਾ ਸੀਸ ਨਿਵਾਇਆ
ਮੁਗਲਾਂ ਦੀਆਂ ਲੱਖਾਂ ਫੌਜਾਂ ਦੇ ਨਾਲ
ਸਿੰਘਾਂ ਹੱਸ ਹੱਸ ਮੱਥਾ ਲਾਇਆ
ਪੋਹ ਦੀ ਕਾਲੀ ਰਾਤ ਹਨੇਰੀ ਨੇ
ਸਾਰਾ ਪਰਿਵਾਰ ਖਿੰਡਾਇਆ।
ਗੰਗੂ ਬ੍ਰਹਾਮਣ ਮੋਹਰਾਂ ਦੀ ਖਾਤਿਰ
ਬੱਚਿਆਂ ਨੂੰ ਕੈਦ ਕਰਾਇਆ
ਨਿੱਕੀਆਂ ਜਿੰਦਾਂ ਕਰ ਵੱਡੇ ਸਾਕੇ
ਸਰਹੰਦ ਵਿੱਚ ਇਤਿਹਾਸ ਰਚਾਇਆ।
ਮਾਂ ਗੁਜਰੀ ਨੇ ਠੰਢੇ ਬੁਰਜ ਵਿੱਚ
ਹਸਕੇ ਮੌਤ ਨੂੰ ਗਲੇ ਲਗਾਇਆ
ਗੜੀ ਚਮਕੌਰ ਦੀ ਵਿਚ ਗੁਰੂ ਨੇ



ਵੱਡੇ ਲਾਲਾਂ ਨੂੰ ਕੌਮ ਦੇ ਲੇਖੇ ਲਾਇਆ
ਆਪ ਮੇਰੇ ਚੋਜੀ ਪ੍ਰੀਤਮ ਮਾਛੀਵਾੜੇ
ਟਿੰਡ ਦਾ ਸਰਾਹਣਾ ਲਾਇਆ
ਇਹ ਕੁਰਬਾਨੀ ਦਾ ਰੰਗ ਅਨੋਖਾ
ਇਤਿਹਾਸ ਵਿੱਚ ਨਾ ਕਿਸੇ ਦੇ ਹਿੱਸੇ ਆਇਆ
ਪਹੁੰਚੇ ਫਿਰ ਨਾਦੇੜ ਗੁਰੂ ਜੀ
ਗੋਦਾਵਰੀ ਦੇ ਕੰਢੇ ਡੇਰਾ ਲਾਇਆ
ਬੰਦੇ ਬੈਰਾਗੀ ਨੂੰ ਉਨ੍ਹਾਂ ਦੇ ਕੇ ਥਾਪੜਾ
ਪੰਜਾਬ ਵੱਲ ਘਲਾਇਆ
ਬੰਦਾ ਸਿੰਘ ਬਹਾਦਰ ਬਣਿਆ
ਉਸਨੇ ਮੁਗਲਾਂ ਨੂੰ ਸਬਕ ਸਿਖਾਇਆ
ਮਾਸੂਮ ਬੱਚਿਆਂ ਤੇ ਕੀਤੇ ਜ਼ੁਲਮਾਂ ਦਾ
ਹਿਸਾਬ ਚੁਕਤਾ ਕਰਾਇਆ
ਸਰਹੰਦ ਦੀ ਇੱਟ ਨਾਲ ਇੱਟ ਵਜਾਕੇ
ਜਾਲਮਾਂ ਨੂੰ ਮਾਰ ਮੁਕਾਇਆ

ਨਾਦਿਰਸ਼ਾਹ ਅਬਦਾਲੀ ਨੇ
ਫਿਰ ਹਿੰਦੋਸਤਾਨ ਵਿੱਚ ਅੱਤ ਮਚਾਈ
ਉਸ ਦੇ ਘੋਰ ਜ਼ੁਲਮਾਂ ਤੋਂ
ਕੰਬ ਗਈ ਸਾਰੀ ਲੋਕਾਈ
ਦੇਸ਼ ਸਾਡੇ ਦੀ ਔਰਤ ਉਨ੍ਹਾਂ
'ਗਜਨੀ' ਟਕੇ ਟਕੇ ਵਿੱਚ ਵੇਚਾਈ
ਫਿਰ ਗੁਰੂ ਦੇ ਸਿੰਘਾਂ ਨੇ ਹੀ
ਦੇਸ਼ ਦੀ ਇੱਜ਼ਤ ਆਣ ਬਚਾਈ
ਮੁੜ ਨਾ ਅਬਦਾਲੀ ਭਾਰਤ ਵੜਿਆ
ਸਿੰਘਾਂ ਐਸੀ ਦੌੜ ਕਰਾਈ

ਮੀਰ ਮੰਨੂੰ ਖਾ ਗਿਆ ਭੁਲੇਖਾ
ਕਿ ਉਹਨੇ ਸਿੰਘਾਂ ਦਾ ਖੁਰਾ ਖੋਜ ਮਿਟਾਇਆ
ਉਏ ਗੁਰੂ ਦਾ ਸਿੰਘ ਤਾਂ ਬੰਦ ਬੰਦ
ਕਟਵਾ ਕੇ ਵੀ ਦੂਣ ਸਵਾਇਆ ਹੋਇਆ
ਆਰਿਆਂ ਨਾਲ ਚਿਰਾਕੇ ਵੀ ਇਹ
ਰਹਿੰਦਾ ਨਵਾਂ ਨਰੋਇਆ।
ਚਰਖੜੀਆਂ ਤੇ ਚੜ੍ਹ ਕੇ ਵੀ
ਵਾਹਿਗੁਰੂ ਨਾਮ ਨਾ ਦਿਲੋਂ ਭੁਲਾਇਆ
ਉਬਲਦੀਆਂ ਦੇਗਾਂ ਵਿੱਚ ਬਹਿ ਕੇ ਵੀ
ਬੱਸ ਉਸ ਦਾ ਨਾਮ ਧਿਆਇਆ
ਰੰਬੀਆਂ ਨਾਲ ਖੋਪਰੀਆਂ ਲੁਹਾ ਕੇ
ਵੀ ਕਦੇ ਨਾ ਚਿਤ ਡੁਲਾਇਆ
ਤੱਤੀਆਂ ਤਵੀਆਂ ਵੀ ਹੋ ਗਈਆਂ ਠੰਢੀਆਂ,
ਜਦੋਂ ਗੁਰਾਂ ਨੇ ਪੈਰ ਧਰਾਇਆ
ਫਿਰ ਮੱਸੇ ਰੰਘੜ ਹੰਕਾਰ ਚ ਆ ਕੇ
ਸਿੰਘਾਂ ਨਾਲ ਆਢਾ ਲਾਇਆ।
ਪਵਿੱਤਰ ਹਰਮੰਦਿਰ ਸਾਹਿਬ ਵਿੱਚ
ਉਹਨੇ ਕੰਜਰੀਆਂ ਨੂੰ ਆਣ ਨਚਾਇਆ॥
ਉਏ ਮੂਰਖਾ ਤੂੰ ਉਸ ਕੌਮ ਦੀ ਅਣਖ ਨੂੰ
ਕਿਦਾਂ ਦਿਲੋਂ ਭੁਲਾਇਆ
ਜਿਹਨਾਂ ਦੇ ਨੌਵੇਂ ਗੁਰੂ ਨੇ ਦੂਜੇ ਧਰਮ ਦੀ
ਖਾਤਿਰ
ਦਿੱਲੀ ਵਿੱਚ ਸੀਸ ਕਟਵਾਇਆ
ਆਪਣੇ ਇਸ ਧਰਮ ਦੀ ਖਾਤਿਰ
ਦਸ਼ਮੇਸ਼ ਗੁਰੂ ਨੇ ਸਰਬੰਸ ਵਾਰ ਦਿਖਾਇਆ
ਤੈਨੂੰ ਸਿੰਘਾਂ ਦੀ ਤਾਕਤ ਤੋਂ ਜ਼ਰਾ ਵੀ
ਖੌਫ ਨਾ ਆਇਆ
ਤੂੰ ਸਾਡੇ ਗੁਰਧਾਮਾਂ ਦੀ ਬੇਅਦਬੀ
ਕਰਨ ਦੀ ਜ਼ੁਅਰਤ ਕਿਥੋਂ ਲਿਆਇਆ
ਜੋ ਸੱਚਾ ਗੁਰੂ ਦਾ ਸਿੰਘ ਹੈ
ਉਹ ਗੁਰਧਾਮਾਂ ਦੀ ਬੇਅਦਬੀ
ਕਦੇ ਵੀ ਝੱਲ ਨਾ ਪਾਇਆ।
ਫਿਰ ਸੁੱਖਾਂ ਸਿੰਘ ਤੇ ਮਹਿਤਾਬ ਸਿੰਘ ਨੇ
ਮੱਸੇ ਰੰਘੜ ਨੂੰ ਐਸਾ ਸਬਕ ਸਿਖਾਇਆ
ਵੱਢ ਕੇ ਧੜ ਨਾਲੋਂ ਸਿਰ ਮੱਸੇ ਦਾ
ਉਨ੍ਹਾਂ ਬੀਕਾਨੇਰ ਪਹੁੰਚਾਇਆ
ਤੇ ਸਾਰੀ ਦੁਨੀਆਂ ਨੂੰ ਦਸ਼ਮੇਸ਼ ਦੇ
ਸਿੰਘਾਂ ਦੀ ਤਾਕਤ ਦਾ ਅਹਿਸਾਸ ਕਰਾਇਆ

ਰਣਜੀਤ ਸਿੰਘ ਯੋਧਾ ਬਲਕਾਰੀ
ਫਿਰ ਦੁਨੀਆਂ ਦੇ ਵਿੱਚ ਆਇਆ
ਦੁਨੀਆਂ ਦੇ ਹਰ ਕੋਨੇ ਦੇ ਵਿੱਚ
ਉਸ ਨੇ ਸਿੱਖ ਰਾਜ ਦਾ ਝੰਡਾ ਝੁਲਾਇਆ
ਹਰੀ ਸਿੰਘ ਨਲੂਏ ਵਰਗੇ ਜਰਨੈਲਾਂ
ਪਠਾਣਾਂ ਨੂੰ ਵੀ ਕੰਬਣ ਲਾਇਆ।
ਬਾਬਾ ਦੀਪ ਸਿੰਘ ਜਿਹੇ ਬਹਾਦਰਾਂ
ਸਿੱਖ ਕੌਮ ਨੂੰ ਹੋਰ ਬੁਲੰਦ ਕਰਾਇਆ।
ਪਰ ਸਿੰਘਾਂ ਦੀ ਆਪਸੀ ਫੁੱਟ ਨੇ
ਸਭ ਕੁੱਝ ਹੱਥੋਂ ਗੁਆਇਆ
ਧਿਆਨ ਸਿੰਘ ਵਰਗੇ ਡੋਗਰਿਆਂ
ਰਣਜੀਤ ਸਿੰਘ ਦੀ ਕੁਲ ਦਾ
ਨਾਸ਼ ਕਰਾਇਆ
ਗੋਰਿਆਂ ਨੇ ਵੀ ਪਾੜ ਸਿੱਖਾਂ ਨੂੰ
ਉਨ੍ਹਾਂ ਦਾ ਰਾਜ ਹਥਿਆਇਆ

ਜਦ ਫਿਰ ਦੇਸ਼ ਦੀ ਅਜ਼ਾਦੀ ਦਾ
ਸਵਾਲ ਆਇਆ
ਉਥੇ ਵੀ ਗੁਰੂ ਕੇ ਸਿੱਖਾਂ ਨੇ
ਫਾਂਸੀ ਦੇ ਰੱਸਿਆਂ ਨੂੰ
ਚੁੰਮ ਚੁੰਮ ਕੇ ਗਲ੍ਹ ਵਿੱਚ ਪਾਇਆ
ਭਗਤ ਸਿੰਘ ਤੇ ਕਰਤਾਰ ਸਿੰਘ ਨੇ
ਇਹ ਮਾਣ ਸਿੱਖਾਂ ਨੂੰ ਦਵਾਇਆ।
ਊਧਮ ਸਿੰਘ ਨੇ ਲੰਡਨ ਵਿਚ ਜਾ ਕੇ
ਜੱਲਿਆਂ ਵਾਲੇ ਬਾਗ ਦਾ ਹਿਸਾਬ ਚੁਕਾਇਆ
ਸਭ ਤੋਂ ਵੱਧ ਕੁਰਬਾਨੀਆਂ ਦੇ ਸਿੱਖਾਂ ਨੇ
ਦੇਸ਼ ਨੂੰ ਆਜ਼ਾਦੀ ਦਾ ਸਾਹ ਦਿਵਾਇਆ

ਗੋਰਿਆਂ ਦੇ ਜ਼ੁਲਮਾਂ ਦੇ ਅੱਗੇ
ਸਿੱਖਾਂ ਜੈਤੋਂ ਦਾ ਮੋਰਚਾ ਲਾਇਆ
ਉਥੇ ਵੀ ਸਿੰਘਾਂ ਨੇ ਰੇਲਾਂ ਅੱਗੇ
ਆਪਣਾ ਆਪ ਵਿਛਾਇਆ
ਪੰਜਾਬੀ ਸੂਬੇ ਦੀ ਮੰਗ ਲੈ ਕੇ
ਸਿੰਘਾਂ ਫੇਰ ਮੋਰਚਾ ਲਾਇਆ
ਪਰ ਆਪਸੀ ਫੁੱਟ ਕਾਰਣ
ਸੂਬੀ ਲੈ ਕੇ ਬਹਿ ਗਏ
ਪਹਿਲਾ ਵੀ ਹੱਥੋਂ ਗੁਆਇਆ
ਆਪਸੀ ਫੁੱਟ ਨੇ ਹੀ ਸਿੱਖਾਂ
ਨੂੰ ਵਾਰ ਵਾਰ ਮਰਵਾਇਆ

ਉਠਿਆ ਫਿਰ ਸੰਤ ਜਰਨੈਲ ਸਿੰਘ
ਭਿੰਡਰਾਵਾਲਾ
ਜਿਸ ਨੇ ਖਾਲਿਸਤਾਨ ਦਾ ਨਾਹਰਾ ਲਾਇਆ
ਉਸ ਸੁੱਤੀ ਹੋਈ ਸਿੱਖ ਕੌਮ ਨੂੰ
ਫਿਰ ਤੋਂ ਹਲੂਣ ਜਗਾਇਆ
ਗੰਗੂ ਬ੍ਰਾਹਮਣ ਦੀ ਅੰਸ਼
ਬੀਬੀ ਇੰਦਰਾ ਨਾਲ ਮੱਥਾ ਲਾਇਆ
ਤਿੰਨ ਨੌਜਵਾਨ, ਤਿੰਨ ਪਸਤੋਲ ਤੇ
ਇਕ ਮੋਟਰਸਾਈਕਲ ਦਾ ਸਵਾਲ ਪਾਇਆ
ਪਰ ਵਿੱਚ ਰਲ ਗਏ ਕੁੱਝ ਚੋਰ ਉਚੱਕਿਆਂ
ਸਾਰਾ ਮਿਸ਼ਨ ਫੇਲ ਕਰਾਇਆ
ਕੁੱਝ ਹੋਰ ਚੌਧਰ ਦੇ ਭੁੱਖਿਆ ਸੰਤਾਂ ਨੇ
ਨਾ ਉਸ ਦਾ ਸਾਥ ਨਿਭਾਇਆ
ਉਨ੍ਹਾਂ ਦੀਆਂ ਕਰਤੂਤਾਂ ਨੇ
ਅਕਾਲ ਤਖਤ ਢਹਿ ਢੇਰੀ ਕਰਾਇਆ
ਉਹ ਸਿੱਖ ਜਰਨੈਲ, ਸਿੱਖ ਨਹੀ ਹੋ ਸਕਦੇ
ਜਿਨ੍ਹਾਂ ਅਕਾਲ ਤਖਤ ਤੇ ਫੌਜਾਂ ਨੂੰ ਚੜਾਇਆ
ਉਹ ਗਿਆਨੀ ਜੈਲ ਸਿੰਘ ਜਿਹੇ ਅਕ੍ਰਿਤਘਣਾਂ
ਇਹ ਕਹਿਰ ਕਿਉਂ ਨਾ ਰੁਕਵਾਇਆ
ਫੌਜਾਂ ਜਦ ਪੈਰ ਰੱਖਿਆ ਵਿੱਚ ਹਰਮੰਦਿਰ
ਸਿੰਘਾਂ ਐਸਾ ਸਬਕ ਸਿਖਾਇਆ
ਦਿੱਲੀ ਤਖਤ ਵੀ ਕੰਬ ਕੇ ਰਹਿ ਗਿਆ
ਸਿੰਘਾਂ ਕੀ ਭਾਣਾ ਵਰਤਾਇਆ
ਫੌਜਾਂ ਦੀ ਜਦ ਪੇਸ਼ ਗਈ ਨਾ
ਉਨ੍ਹਾਂ ਅਕਾਲ ਤਖਤ ਤੇ ਟੈਂਕ ਚੜ੍ਹਾਇਆ
ਅਕਾਲ ਪੁਰਖ ਦੀਆਂ ਫੌਜਾਂ ਨੇ ਫਿਰ
ਹੱਸ ਹੱਸ ਕੇ ਸ਼ਹੀਦੀ ਬਾਣਾ ਪਾਇਆ
'ਤੇਰਾ ਭਾਣਾ ਮੀਠਾ ਲਾਗੈ, ਕਹਿ
ਉਸ ਵਾਹਿਗੁਰੂ ਦਾ ਸ਼ੁਕਰ ਮਨਾਇਆ।
ਧਰਮ ਲਈ ਉਹ ਆਪਾ ਵਾਰ ਗਏ
ਜੀਵਨ ਕੌਮ ਦੇ ਲੇਖੇ ਲਾਇਆ।

ਉਹ ਮਹਾਨ ਸੰਤ ਜਰਨੈਲ ਸਿੰਘ ਭਿੰਡਰਾਵਾਲਾ
ਆਪਣੇ ਬੋਲ ਪੁਗਾ ਗਿਆ
ਸਿੱਖ ਧਰਮ ਦੀ ਖਾਤਿਰ ਹੱਸ ਕੇ
ਸ਼ਹਾਦਤ ਦਾ ਜ਼ਾਮਾ ਪਾ ਗਿਆ
ਆਉਣ ਵਾਲੀਆਂ ਪੀੜ੍ਹੀਆਂ ਨੂੰ
ਕੁਰਬਾਨੀ ਦਾ ਰਾਹ ਦਿਖਾ ਗਿਆ

ਸਾਲ 1984 ਦਾ ਅਕਤੂਬਰ ਮਹੀਨਾ
ਆਇਆ
ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ
ਬੀਬੀ ਇੰਦਰਾ ਨੂੰ ਨਰਕਾਂ ਦਾ ਰਾਹ
ਦਿਖਾਇਆ
ਭੁੱਲੀ ਹੋਈ ਬੀਬੀ ਨੂੰ ਸਿੱਖਾਂ ਦੀ
ਅਣਖ ਦਾ ਅਹਿਸਾਸ ਕਰਾਇਆ
ਅਕਾਲ ਤਖਤ ਦਾ ਲੈ ਕੇ ਬਦਲਾ
ਸ਼ਹੀਦਾਂ 'ਚ ਨਾਮ ਦਰਜ ਕਰਾਇਆ
ਬੀਬੀ ਦੇ ਪੁੱਤ ਰਾਜੀਵ ਗਾਂਧੀ
ਨੇ ਸਿੱਖਾਂ ਤੇ ਕਹਿਰ ਕਮਾਇਆ
ਬਲਦੇ ਟਾਇਰ ਗਲਾਂ ਵਿੱਚ ਪਾ ਕੇ
ਜਿਉਂਦਿਆਂ ਨੂੰ ਗਿਆ ਜਲਾਇਆ
ਜਿਸ ਕੌਮ ਨੂੰ ਬਚਾਉਣ ਦੀ ਖਾਤਿਰ
ਗੁਰਾਂ ਨੇ ਆਪਣਾ ਪਿਤਾ ਸ਼ਹੀਦ ਕਰਾਇਆ
ਉਨ੍ਹਾਂ ਅਕ੍ਰਿਤਘਣ ਲੋਕਾਂ ਨੇ ਗੁਰੂ ਦੇ
ਸਿੰਘਾਂ ਨੂੰ ਕੋਹ ਕੋਹ ਕੇ ਮਾਰ ਮੁਕਾਇਆ
ਸਾਲ ਬੀਤ ਗਏ ਪੰਝੀ ਤਾਂ ਵੀ
ਕਿਸੇ ਨਾ ਹਾਅ ਦਾ ਨਾਅਰਾ ਲਾਇਆ
ਕਈ ਸਰਕਾਰਾਂ ਆ ਕੇ ਗਈਆਂ
ਸਿੱਖਾਂ ਨੂੰ ਕਿਸੇ ਇਨਸਾਫ ਨਾ ਦੁਆਇਆ
ਯਾਦ ਸ਼ਕਤੀ ਕਿਨੀ ਕਮਜ਼ੋਰ ਇਨ੍ਹਾਂ ਦੀ
ਇਨ੍ਹਾਂ ਨੂੰ ਸਿੱਖਾਂ ਦੇ ਦੁੱਖ ਦਾ
ਨਾਂ ਚੇਤਾ ਆਇਆ
ਬੜੀ ਛੇਤੀ ਭੁੱਲ ਗਏ ਉਨ੍ਹਾਂ ਸਿੱਖਾਂ ਨੂੰ
ਸਭ ਤੋਂ ਵੱਧ ਕੁਰਬਾਨੀਆਂ ਦੇ ਕੇ
ਜਿਨ੍ਹਾਂ ਦੇਸ਼ ਆਜ਼ਾਦ ਕਰਾਇਆ
ਇਨ੍ਹਾਂ ਸਿੱਖਾਂ ਦੇ ਜ਼ਖਮਾਂ ਤੇ ਮਲ੍ਹਮ ਕੀ
ਲਾਉਣੀ
ਸਗੋਂ ਮੁੱਠਾਂ ਭਰ ਭਰ ਕੇ ਨਮਕ ਪਾਇਆ।
ਪੰਜਾਬ ਦਾ ਪਾਣੀ ਤੇ ਬਿਜਲੀ ਵੀ ਲੈ ਕੇ
ਖੋਹ ਕੇ
ਸਾਰਾ ਦੇਸ਼ ਬੰਜਰ ਕਰਾਇਆ।
ਚੌਦਾਂ ਹਜ਼ਾਰ ਕਰੋੜ ਦਾ ਕਰਜਾ
ਕਿਸਾਨਾਂ ਦੇ ਸਿਰ ਦੱਸੋ ਕਦੋਂ ਜਾਉਗਾ



ਲਾਹਿਆ
ਇਨ੍ਹਾਂ ਦੀਆਂ ਕੋਝੀਆਂ ਚਾਲਾਂ ਨੇ
ਕਿਸਾਨਾਂ ਨੂੰ ਮੌਤ ਦੇ ਮੂੰਹ ਵਿੱਚ ਪਾਇਆ।
ਪਿਛਲੇ ਦਸ ਸਾਲਾਂ ਵਿੱਚ ਚਾਲੀ ਹਜ਼ਾਰ
ਕਿਸਾਨ ਖੁਦਕਸ਼ੀਆਂ ਕਰ ਕਰ ਮੋਇਆ
ਇਹ ਤਾਂ ਇੱਕੀ ਸੌ ਸੋਲਾਂ ਹੀ ਦਸਦੇ ਨੇ
ਇਨ੍ਹਾਂ ਸ਼ਰਮ ਦਾ ਪੜ੍ਹਦਾ ਲਾਹਿਆ
ਲਾਹਨਤ ਹੈ ਇਹੋ ਜਿਹੇ ਲੋਕਾਂ ਤੇ
ਜਿਨ੍ਹਾਂ ਆਪਣੇ ਆਪ ਨੂੰ ਇਨਸਾਨ
ਅਖਵਾਇਆ
ਪਰ ਅਸੀ ਕਿਸੇ ਨੂੰ ਵੀ ਕੀ ਦੋਸ਼ ਦਈਏ
ਸਾਡੇ ਆਪਣਿਆਂ ਨੇ ਵਾਰ ਵਾਰ
ਗਦਾਰੀਆਂ ਕਰ ਕਰ ਨੇ
ਸਾਨੂੰ ਕੱਖੋਂ ਹੌਲੇ ਕਰਾਇਆ
ਸਾਡਾ ਸੋਨੇ ਵਰਗਾ ਦੇਸ਼ ਹੈ
ਇਨ੍ਹਾਂ ਮਿੱਟੀ ਵਿੱਚ ਮਿਲਾਇਆ
ਪੰਜਾਬ ਪਹਿਲੇ ਨੰਬਰ ਦਾ ਸੂਬਾ ਸੀ
ਅੱਜ ਦਸਵੇਂ ਨੰਬਰ ਤੇ ਆਇਆ

ਉਏ, ਗੁਰੂ ਗੋਬਿੰਦ ਸਿੰਘ ਦੇ ਪੁੱਤਰੋ
ਤੇ ਖਾਲਸਾ ਪੰਥ ਦੇ ਵਾਰਸੋ
ਇਹ ਗੁਰੂ ਦੀ ਸਿੱਖੀ, ਖੰਡਿਉਂ ਤਿੱਖੀ
ਤੇ ਵਾਲੋਂ ਨਿੱਕੀ ਨੂੰ ਸਿਆਸਤ ਵਿੱਚ ਨਾ
ਮਿਲਾਓ
ਸਗੋਂ ਪਤਿਤ ਹੋ ਗਏ ਸਿੱਖਾਂ ਨੂੰ
ਸਿੱਖੀ ਦੇ ਮਾਰਗ ਪਾਓ
ਝੂਠੀ ਚੌਧਰ ਤੇ ਲੰਬੜਦਾਰੀ ਵਿੱਚ
ਇਸ ਧਰਮ ਨੂੰ ਨਾ ਰਲਾਓ
ਨਾਮ ਜਪਣ, ਵੰਡ ਛੱਕਣ, ਤੇ ਕਿਰਤ ਕਰਨ
ਦਾ ਸਬਕ ਸਿਖਾਓ
ਸਿਮਰਨ ਦਾ ਅਭਿਆਸ ਕਰਾ ਕੇ
ਭਟਕੀਆਂ ਰੂਹਾਂ ਨੂੰ ਸਿੱਖੀ ਦੇ ਰਸਤੇ ਪਾਓ
ਆਪਸੀ ਫੁੱਟ ਨੂੰ ਦੂਰ ਭਜਾਕੇ
ਇੱਕਠੇ ਹੋ ਕੇ ਧਰਮ ਚਲਾਓ
ਕਾਮ, ਕਰੋਧ, ਲੋਭ, ਮੋਹ, ਹੰਕਾਰ ਨੂੰ
ਦੂਰ ਹਟਾ ਕੇ ਸਭ ਨੂੰ ਗਲੇ ਲਗਾਓ
ਜੇ ਤੁਸੀਂ ਦਸ਼ਮੇਸ਼ ਦੇ ਸੱਚੇ ਸਿੰਘ ਹੋ
ਅੱਜ ਇਸ ਧਰਮ ਦੇ ਜਨਮ ਦਿਨ ਮੌਕੇ
ਸ੍ਰੀ ਗੁਰੂ ਗਰੰਥ ਸਾਹਿਬ ਦੇ ਸਾਹਮਣੇ ਖੜ੍ਹਕੇ
ਇਸ ਪਵਿਤਰ ਧਰਮ ਨੂੰ ਇੱਕਠੇ ਹੋ ਕੇ
ਚਲਾਉਣ ਦੀਆਂ ਕਸਮਾਂ ਖਾਓ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸਿੱਖੀ
ਦਾ ਬੂਟਾ
ਆਪਣੇ ਕਰ ਕਮਲਾਂ ਨਾਲ ਲਾਇਆ
ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪਾਹੁਲ ਖੰਡੇ ਦੀ
ਦੀ ਦੇ ਕੇ ਇਸ ਨੂੰ ਪਾਣ ਚੜ੍ਹਾਇਆ
ਆਪਣਾ ਸਭ ਪਰਿਵਾਰ ਵਾਰ ਕੇ
ਮਜ਼ਲੂਮਾਂ ਦੀ ਰੱਖਿਆ ਦਾ ਰਾਹ ਦਿਖਾਇਆ

ਸ਼ਾਇਦ ਗੁਰੂ ਗੋਬਿੰਦ ਸਿੰਘ ਵਰਗਾ
ਸੰਤ ਸਿਪਾਹੀ ਫਿਰ ਦੁਨੀਆਂ ਦੇ ਵਿੱਚ
ਆਉਗਾ
ਧਰਮ ਤੋਂ ਦੂਰ ਪਤਿਤ ਹੋ ਗਏ ਲੋਕਾਂ ਨੂੰ
ਸਿੱਖੀ ਦਾ ਰਾਹ ਦਿਖਾਉਗਾ
ਸਿੱਖੀ ਦੇ ਮੁਰਝਾ ਰਹੇ ਬੂਟੇ ਨੂੰ
ਫਿਰ ਤੋਂ ਪਾਣੀ ਪਾਉਗਾ
ਵਾਹ, ਗੁਰੂ ਗੋਬਿੰਦ ਸਿੰਘ ਬਾਜਾਂ ਵਾਲਿਆ
ਤੂੰ ਇਹ ਕੈਸੀ ਖੇਡੀ ਖੇਡ ਨਿਆਰੀ
ਦੁਨੀਆਂ ਭਰ ਵਿੱਚ ਨਾ ਕੋਈ ਹੋਇਆ
ਨਾ ਕੋਈ ਹੋਣਾ,
'ਖਾਲਸਾ ਪੰਥ' ਜਿਹਾ ਪਰਉਪਕਾਰੀ॥
'ਖਾਲਸਾ ਪੰਥ' ਜਿਹਾ ਪਰਉਪਕਾਰੀ॥

– ਗੁਰਿੰਦਰ ਸਿੰਘ ਢੱਟ

# ਬੌਡੀ ਦੀ ਦੇਖਭਾਲ (Body Care)



* ਪੀਸੀ ਹੋਈ ਚੀਨੀ ਨੂੰ ਖਾਣ ਵਾਲੇ ਤੇਲ ਵਿਚ ਮਿਲਾਕੇ ਚਮੜੀ ਦੀ ਮਾਲਸ਼ ਕਰਨ ਨਾਲ ਚਮੜੀ ਵਿਚ ਨਿਖਾਰ ਆਉਂਦਾ ਹੈ। ਇਹੋ ਹੀ ਉਪਚਾਰ ਤੁਸੀਂ ਖੁਰਦਰੀ ਕੂਹਣੀ ਅਤੇ ਗੋਡਿਆਂ ਆਦਿ ਲਈ ਵੀ ਕਰ ਸਕਦੇ ਹੋ।

* ਖੀਰੇ ਅਤੇ ਨਿੰਬੂ ਦੇ ਰਸ ਨੂੰ ਚੁਟਕੀ ਭਰ ਹਲਦੀ ਨਾਲ ਮਿਲਾਕੇ ਗਰਦਨ ਅਤੇ ਕੱਛਾਂ (Arm pits or underarms) ਤੇ ਹਰ ਰੋਜ਼ ਲਾਵੋ। ਤੀਹ ਮਿੰਟ ਲੱਗਿਆ ਰਹਿਣ ਦੇਵੋ। ਇਸ ਨਾਲ ਕੱਛਾਂ ਦਾ ਕਾਲਾ ਰੰਗ ਦੂਰ ਹੋ ਜਾਵੇਗਾ। ਉਹ ਨਾਰਮਲ ਰੰਗ ਗ੍ਰਹਿਣ ਕਰ ਲੈਣਗੀਆਂ।

* ਨਹਾਉਣ ਵਾਲੇ ਪਾਣੀ ਵਿਚ ਅੱਧਾ ਕੱਪ ਸ਼ਹਿਦ ਪਾ ਕੇ ਕੀਤਾ ਗਿਆ ਇਸ਼ਨਾਨ ਚਮੜੀ ਨੂੰ ਮੁਲਾਇਮ ਬਣਾਉਂਦਾ ਹੈ।

* ਛੇ ਛੋਟੇ ਚਮਚੇ ਪੈਟਰੋਲੀਅਮ ਜ਼ੈਲੀ, ਦੋ ਛੋਟੇ ਚਮਚੇ ਗਲਸਰੀਨ ਅਤੇ ਦੋ ਛੋਟੇ ਚਮਚੇ ਨਿੰਬੂ ਦਾ ਰਸ ਮਿਲਾਕੇ ਰੱਖੋ। ਫਟੇ ਹੋਏ ਹੱਥਾਂ-ਪੈਰਾਂ ਤੇ ਹਫ਼ਤੇ ਵਿਚ ਘੱਟੋ-ਘੱਟ ਦੋ ਵਾਰੀ ਲਾਵੋ। ਤੁਰੰਤ ਆਰਾਮ ਮਿਲੇਗਾ।

* ਨਹਾਉਣ ਵਾਲੇ ਪਾਣੀ ਵਿਚ ਇਕ ਨਿੰਬੂ ਨਿਚੋੜਕੇ ਇਸ਼ਨਾਨ ਕਰੋ। ਚਮੜੀ ਕੋਮਲ ਅਤੇ ਲਚਕੀਲੀ ਬਣ ਜਾਵੇਗੀ।

* ਬਾਦਾਮ ਅਤੇ ਪੁਦੀਨੇ ਦੇ ਪੱਤੇ ਇਕੱਠੇ ਪੀਸ ਲਵੋ। ਇਸ ਵਿਚ ਗਰਮ ਪਾਣੀ ਮਿਲਾਕੇ ਚਿਹਰੇ ਅਤੇ ਪੂਰੀ ਸਰੀਰ ਤੇ ਲਾਵੋ। ਸੁੱਕ ਜਾਣ ਤੇ ਗਰਮ ਪਾਣੀ ਨਾਲ ਧੋ ਲਵੋ। ਤੁਸੀਂ ਆਰਾਮਦਾਇਕ (Relax) ਮਹਿਸੂਸ ਕਰੋਗੇ।

* ਜੇਕਰ ਅੱਡੀਆਂ ਫਟੀਆਂ ਹੋਈਆਂ ਹੋਣ ਤਾਂ ਪੈਰਾਫੀਨ ਵੈਕਸ ਪਿਘਲਾ ਲਵੋ। ਇਸ ਵਿਚ ਥੋੜ੍ਹਾ ਜਿਹਾ ਸਰ੍ਹੋਂ ਦਾ ਤੇਲ ਮਿਲ ਲਵੋ, ਹਰ ਰੋਜ਼ ਰਾਤ ਨੂੰ ਸੌਣ ਤੋਂ ਪਹਿਲਾਂ ਅੱਡੀਆਂ ਤੇ ਲਾਵੋ। ਪੰਦਰਾਂ ਦਿਨਾਂ ਵਿਚ ਅੱਡੀਆਂ ਠੀਕ ਹੋਣ ਲੱਗਣਗੀਆਂ।

* ਹਥੇਲੀਆਂ ਖੁਰਦਰੀਆਂ ਹੋ ਗਈਆਂ ਹੋਣ ਤਾਂ ਗਲਸਰੀਨ ਅਤੇ ਨਿੰਬੂ ਦਾ ਰਸ ਇਕੋ ਜਿਹੀ ਮਾਤਰਾ ਵਿਚ ਮਿਲਾਕੇ ਲਾਵੋ। ਲਾਭ ਹੋਵੇਗਾ।

* ਫਟੀਆਂ ਅੱਡੀਆਂ ਦੀ ਨਾਰੀਅਲ (ਖੋਪੇ) ਦੇ ਤੇਲ ਨਾਲ ਮਾਲਸ਼ ਕਰੋ। ਇਹ ਕਰਨ ਬਾਦ ਪੈਰਾਂ ਨੂੰ ਕੁੱਝ ਦੇਰ ਗਰਮ ਪਾਣੀ ਵਿਚ ਰੱਖੋ। ਪੈਰਾਂ ਨੂੰ ਚੰਗੀ ਤਰ੍ਹਾਂ ਸੁਕਾ ਕੇ ਦਸ ਗੁੜਹਲ ਦੇ ਫੁੱਲ, ਅਤੇ ਇਕ ਮੁੱਠੀ ਮਹਿੰਦੀ ਨੂੰ ਨਿੰਬੂ ਰਸ ਵਿਚ ਮਿਲਾਕੇ ਪੈਰਾਂ ਤੇ ਲਾਵੋ। ਸੁੱਕ ਜਾਣ ਤੇ ਧੋ ਲਵੋ।

* ਹੱਥਾਂ ਅਤੇ ਪੈਰਾਂ ਤੇ ਪਏ ਧੱਬਿਆਂ ਦੇ ਨਿਸ਼ਾਨ ਮਿਟਾਉਣ ਦੇ ਲਈ ਉਹਨਾਂ ਉਪਰ ਨਿੰਬੂ ਦੇ ਛਿਲਕੇ ਰਗੜੋ। ਸੰਤਰੇ ਦੇ ਛਿਲਕੇ ਵੀ ਵਰਤੇ ਜਾ ਸਕਦੇ ਹਨ।

* ਸਰਦੀਆਂ ਵਿਚ ਸਰੀਰ ਤੇ ਰਾਤ ਨੂੰ ਮੋਇਸਚਰਾਈਜ਼ਰ ਜਾਂ ਵੱਧ ਠੰਢ ਹੋਵੇ ਤਾਂ ਹਰ ਰੋਜ਼ ਤੇਲ ਨਾਲ ਮਾਲਸ਼ ਕਰੋ। ਇਸ ਨਾਲ ਠੰਢ ਦਾ ਪ੍ਰਭਾਵ ਨਹੀਂ ਪਵੇਗਾ।

* ਪੈਰਾਂ ਦੀ ਚਮੜੀ ਰੁੱਖੀ ਹੋ ਗਈ ਹੋਵੇ ਤਾਂ ਨਹਾਉਣ ਤੋਂ ਪਹਿਲਾਂ ਤਿਲਾਂ ਦੇ ਤੇਲ ਨਾਲ ਪੈਰਾਂ ਦੀ ਮਾਲਸ਼ ਕਰੋ। ਨਹਾਉਣ ਦੇ ਲਈ ਗਲਸਰੀਨ ਵਾਲੇ ਸਾਬਣ ਦੀ ਵਰਤੋਂ ਕਰੋ।

* ਪੈਰਾਂ ਦੀ ਦੁਰਗੰਧ ਹਟਾਉਣ ਦੇ ਲਈ ਤਿੰਨ ਛੋਟੇ ਚਮਚੇ ਜਵੀਂ ਦਾ ਆਟਾ (Oatmeal), ਤਿੰਨ ਛੋਟੇ ਚਮਚੇ ਸ਼ਹਿਦ ਅਤੇ ਚੁਟਕੀਭਰ ਨਿੰਮ ਪੀਸੀ ਹੋਈ ਨੂੰ ਦੁੱਧ ਵਿਚ ਮਿਲਾਕੇ ਪੇਸਟ ਬਣਾ ਲਵੋ। ਇਸਨੂੰ ਪੈਰਾਂ ਦੇ ਹੇਠਾਂ ਉਪਰ, ਉਂਗਲੀਆਂ ਵਿਚਕਾਰ ਲੇਪ ਦੀ ਤਰ੍ਹਾਂ ਲਾਵੋ। ਸੁੱਕਣ ਬਾਦ ਪੈਰਾਂ ਨੂੰ ਧੋ ਲਵੋ।

* ਪੈਰਾਂ ਦੇ ਕਾਲੇ ਧੱਬੇ ਹਟਾਉਣ ਦੇ ਲਈ ਨਿੰਬੂ ਅਤੇ ਸੰਤਰੇ ਦੇ ਪੀਸੇ ਹੋਏ ਛਿਲਕੇ ਮਿਲਾਕੇ ਪੇਸਟ ਤਿਆਰ ਕਰੋ। ਇਸਨੂੰ ਲਗਾਤਾਰ ਇਕ ਹਫ਼ਤਾ ਪੈਰਾਂ ਤੇ ਲਾਉਂਦੇ ਰਹੋ। ਜਾਵੇਗਾ। ਅੱਡੀਆਂ ਮੁਲਾਇਮ ਵੀ ਹੋ ਜਾਣਗੀਆਂ।

2. ਰੁੱਖੀਆਂ ਜਾਂ ਪਾਟੀਆਂ ਅੱਡੀਆਂ ਤੇ ਪੱਕੇ ਹੋਏ ਕੇਲੇ ਦਾ ਗੁੱਦਾ ਲਾਵੋ ਅਤੇ ਦਸ ਮਿੰਟਾਂ ਬਾਦ ਧੋ ਲਵੋ। ਅੱਡੀਆਂ ਛੇਤੀ ਠੀਕ ਹੋਣਗੀਆਂ।

3. ਪੈਰਾਂ ਨੂੰ ਸ਼ੈਂਪੂ (Shampoo) ਮਿਲੇ ਪਾਣੀ ਵਿਚ ਪੰਦਰਾਂ-ਵੀਹ ਮਿੰਟ ਡਬੋਕੇ ਰੱਖੋ। ਪਾਣੀ ਵਿਚੋਂ ਪੈਰ ਕੱਢਕੇ ਪੂੰਝਣ ਦੇ ਬਾਦ ਇਕ ਛੋਟਾ ਚਮਚਾ ਪੈਟਰੋਲੀਅਮ ਜੈਲੀ ਵਿਚ ਇਕ ਨਿੰਬੂ ਦਾ ਰਸ ਮਿਲਾਕੇ ਪੈਰਾਂ ਤੇ ਲਾਵੋ। ਇਸ ਤਰ੍ਹਾਂ ਰੈਗੂਲਰ ਤੌਰ ਤੇ ਕਰਨ ਨਾਲ ਪੈਰਾਂ ਦਾ ਖੁਰਦਰਾਪਣ ਖਤਮ ਹੋਵੇਗਾ ਅਤੇ ਪੈਰ ਕੋਮਲ ਬਣ ਜਾਣਗੇ।

4. ਗੁਲਾਬ ਜਲ ਵਿਚ ਗਲਸਰੀਨ ਮਿਲਾਕੇ ਲਾਉਣ ਨਾਲ ਵੀ ਲਾਭ ਹੁੰਦਾ ਹੈ।

# ਪੈਰਾਂ ਦੀ ਦੇਖਭਾਲ (Foot Care)



* ਸਟਰੈਚ ਮਾਰਕਸ (ਗਰਭਣੀ ਰੇਖਾਵਾਂ) ਹਟਾਉਣ ਦੇ ਲਈ ਕੋਕੋ ਬਟਰ ਅਤੇ ਬਾਦਾਮਾਂ ਦਾ ਤੇਲ ਲਾਵੋ।

* ਹਲਦੀ, ਨਿੰਬੂ ਅਤੇ ਦਹੀਂ ਦਾ ਪੇਸਟ ਬਣਾਕੇ ਪੈਰਾਂ ਤੇ ਲਾਵੋ। ਸੁੱਕ ਜਾਣ ਬਾਦ ਰਗੜ ਕੇ ਪਾਣੀ ਨਾਲ ਧੋ ਦੇਵੋ। ਇਸ ਨਾਲ ਪੈਰਾਂ ਤੇ ਚਮਕ ਆ ਜਾਵੇਗੀ।

* ਪੈਰਾਂ ਤੋਂ ਵਾਧੂ ਚਰਬੀ ਘਟਾਉਣ ਲਈ ਮਾਲਸ਼ ਅਤੇ ਕਸਰਤ ਕਰੋ। ਮਾਲਸ਼ ਦੇ ਲਈ ਚੰਦਨ ਅਤੇ ਮਿੱਠਾ ਤੇਲ (ਤਿਲਾਂ ਦਾ ਤੇਲ) ਇਸਤੇਮਾਲ ਕਰੋ।

## ਫਟੀਆਂ ਅੱਡੀਆਂ ਤੋਂ ਪਾਉ ਛੁਟਕਾਰਾ

1. ਥੋੜ੍ਹਾ ਜਿਹਾ ਨਾਰੀਅਲ ਤੇਲ ਗਰਮ ਕਰਕੇ ਦਿਨ ਵਿਚ ਦੋ-ਤਿੰਨ ਵਾਰ ਪੈਰਾਂ ਦੀਆਂ ਤਲੀਆਂ ਅਤੇ ਫਟੀਆਂ ਅੱਡੀਆਂ ਤੇ ਲਾਵੋ। ਪੈਰਾਂ ਨੂੰ ਦਸ-ਪੰਦਰਾਂ ਮਿੰਟ ਕੋਸੇ ਜਿਹੇ ਪਾਣੀ ਵਿਚ ਡਬੋਕੇ ਰੱਖੋ। ਇਸ ਮਗਰੋਂ ਪੈਰਾਂ ਤੇ ਕੋਈ ਘਰੇਲੂ ਮੱਲ੍ਹਮ ਲਾ ਲਵੋ। ਇਸ ਤਰ੍ਹਾਂ ਕਰਦੇ ਰਹਿਣ ਨਾਲ ਫਟੀਆਂ ਅੱਡੀਆਂ ਨੂੰ ਆਰਾਮ ਆ

5. ਤਿਲਾਂ ਜਾਂ ਨਾਰੀਅਲ ਦੇ ਤੇਲ ਵਿਚ ਮੋਮ ਪਿਘਲਾਕੇ ਮੱਲ੍ਹਮ ਬਣਾ ਲਵੋ। ਇਸਨੂੰ ਫਟੇ ਪੈਰਾਂ ਤੇ ਅੱਡੀਆਂ ਤੇ ਲਾਵੋ। ਜਲਦੀ ਹੀ ਫਟੇ ਪੈਰ ਤੇ ਅੱਡੀਆਂ ਠੀਕ ਹੋ ਜਾਣਗੀਆਂ। ਇਹ ਦਿਨ ਵਿਚ ਦੋ-ਤਿੰਨ ਵਾਰੀ ਕਰੋ।

6. ਪੈਰਾਂ ਨੂੰ 15-20 ਮਿੰਟ ਪਾਣੀ ਵਿਚ ਪਾਈ ਰੱਖੋ। ਅੱਡੀਆਂ ਅਤੇ ਤਲੀਆਂ ਦੀ ਮੈਲ ਉੱਗਲ ਆਵੇਗੀ। ਫੇਰ ਕੋਈ ਖੰਗਰ ਇੱਟ ਦਾ ਰੋੜਾ ਜਾਂ ਖੁਰਦਰਾ ਪੱਥਰ ਲੈ ਕੇ ਅੱਡੀਆਂ ਨੂੰ ਚੰਗੀ ਤਰ੍ਹਾਂ ਰਗੜਕੇ ਮੁਰਦਾ ਚਮੜੀ ਲਾਹ ਸੁੱਟੋ।

ਇਸਦੇ ਲਈ ਅੱਜ ਕੱਲ ਘੁਮਿਆਰਾਂ ਕੋਲੋਂ ਅਤੇ ਬਾਜ਼ਾਰ ਵਿਚੋਂ ਬਣੇ ਬਣਾਏ ਝਾਵੇਂ ਵੀ ਮਿਲਦੇ ਹਨ। ਇਸਨੂੰ ਮੈਲ ਖੋਰਾ ਵੀ ਆਖ ਦਿੰਦੇ ਹਨ।

ਇਸ ਨਾਲ ਵੀ ਅੱਡੀਆਂ ਕੂਚੀਆਂ ਜਾ ਸਕਦੀਆਂ ਹਨ। ਇਹ ਬਹੁਤ ਪੁਰਾਣਾ ਢੰਗ ਹੈ। ਜਿਹੜਾ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਹਰ ਘਰ ਵਿਚ ਪ੍ਰਚੱਲਤ ਹੈ।

# ਸੁਹੱਪਣ ਹੱਥਾਂ ਦਾ



* ਗੁਲਾਬ ਜਲ ਅਤੇ ਗਲਸਰੀਨ ਨੂੰ ਇਕੋ ਜਿਹੀ ਮਾਤਰਾ ਵਿਚ ਮਿਲਾਕੇ ਹੱਥਾਂ ਤੇ ਮਾਲਸ਼ ਕਰੋ।

* ਸ਼ਹਿਦ ਅਤੇ ਸੰਤਰੇ ਦੇ ਜੂਸ ਨੂੰ ਬਰਾਬਰ ਮਾਤਰਾ ਵਿਚ ਮਿਲਾਕੇ ਲਾਉਣ ਨਾਲ ਵੀ ਹੱਥ ਨਰਮ ਅਤੇ ਕੋਮਲ ਬਣ ਜਾਂਦੇ ਹਨ।

* ਇਕ ਬਰਤਨ ਵਿਚ ਜ਼ੈਤੂਨ ਦਾ ਤੇਲ ਲਵੋ। ਦਸ ਮਿੰਟ ਇਸ ਵਿਚ ਆਪਣੇ ਹੱਥ ਡਬੋ ਕੇ ਰੱਖੋ। ਵਾਧੂ ਤੇਲ ਨਾਲ ਮਾਲਸ਼ (Massage) ਕਰੋ। ਇਕ ਹਫ਼ਤਾ ਰਾਤ ਨੂੰ ਇਸ ਤਰ੍ਹਾਂ ਕਰਦੇ ਰਹਿਣ ਨਾਲ ਹੱਥ ਮੁਲਾਇਮ ਬਣ ਜਾਣਗੇ।

* ਜਿਸ ਪਾਣੀ ਵਿਚ ਆਲੂ ਉਬਾਲੇ ਗਏ ਹੋਣ, ਉਸ ਵਿਚ ਹੱਥ ਡੋਬ ਕੇ ਰੱਖਣ ਨਾਲ ਹੱਥ ਮੁਲਾਇਮ ਹੋ ਜਾਂਦੇ ਹਨ।

* ਨਿੰਬੂ ਅਤੇ ਖੀਰੇ ਦਾ ਰਸ ਇਕੋ ਜਿਹੀ ਮਾਤਰਾ ਵਿਚ ਮਿਲਾਕੇ ਕੂਹਣੀਆਂ ਤੇ ਦਸ-ਪੰਦਰਾਂ ਮਿੰਟ ਲਾਈ ਰੱਖਣ ਨਾਲ ਚਮੜੀ ਦੀ ਕਾਲਸ ਦੂਰ ਹੋ ਜਾਂਦੀ ਹੈ।

* ਬੇਸਣ ਵਿਚ ਪਾਣੀ ਅਤੇ ਸਰ੍ਹੋਂ ਦੇ ਤੇਲ ਦੀਆਂ ਕੁੱਝ ਬੂੰਦਾਂ ਮਿਲਾਕੇ ਘੋਲ ਬਣਾ ਲਵੋ। ਇਸਨੂੰ ਪੂਰੇ ਹੱਥਾਂ ਤੇ ਲਾਵੋ। ਤੀਹ ਮਿੰਟਾਂ ਬਾਦ ਸਕਰੱਬ (ਰਗੜਕੇ) ਕਰਕੇ ਧੋ ਲਵੋ। ਹੱਥ ਕੋਮਲ ਬਣਨਗੇ ਅਤੇ ਅਣਚਾਹੇ ਵਾਲਾਂ ਤੋਂ ਛੁਟਕਾਰਾ ਮਿਲ ਜਾਵੇਗਾ।

* ਇਕ ਛੋਟਾ ਚਮਚਾ ਸ਼ਹਿਦ, ਇਕ ਅੰਡੇ ਦੀ ਸਫ਼ੈਦੀ, ਇਕ ਛੋਟਾ ਚਮਚਾ ਗਲੈਸਰੀਨ ਅਤੇ ਦੋ ਛੋਟੇ ਚਮਚੇ ਜਵੀਂ ਦਾ ਆਟਾ ਮਿਲਾਕੇ ਪੇਸਟ ਬਣਾਵੋ। ਇਸਨੂੰ ਹੱਥਾਂ ਤੇ ਲਾਵੋ। ਅੱਧੇ ਘੰਟੇ ਬਾਦ ਪਾਣੀ ਨਾਲ ਧੋ ਲਵੋ। ਇਹ ਹੱਥਾਂ ਦੇ ਲਈ ਕਲੀਂਜਰ ਦਾ ਕੰਮ ਕਰਦਾ ਹੈ।

# ਨਹੁੰਆਂ ਦੀ ਦੇਖਭਾਲ (Nail Care)



ਜੇਕਰ ਨਹੁੰ ਵੱਧ ਸਖਤ ਹੋਣ ਤਾਂ ਇਕ ਕਟੋਰੀ ਪਾਣੀ ਵਿਚ ਪੰਜ-ਛੇ ਬੂੰਦਾਂ ਗਲਸਰੀਨ ਜਾਂ ਸੇਂਧਾਂ ਲੂਣ ਮਿਲਾ ਲਵੋ ਅਤੇ ਉਸ ਵਿਚ ਪੰਜ-ਛੇ ਮਿੰਟ ਨਹੁੰ ਡਬੋ ਕੇ ਰੱਖੋ। ਇਸ ਨਾਲ ਨਹੁੰ ਮੁਲਾਇਮ ਬਣਨਗੇ ਅਤੇ ਚਮਕ ਵੀ ਆ ਜਾਵੇਗੀ।

* ਹਫ਼ਤੇ ਵਿਚ ਇਕ ਦਿਨ ਸਰ੍ਹੋਂ ਦੇ ਤੇਲ ਨਾਲ ਹੱਥਾਂ ਅਤੇ ਨਹੁੰਆਂ ਦੀ ਮਾਲਸ਼ ਕਰਨੀ ਚਾਹੀਦੀ ਹੈ।

* ਨਹੁੰਆਂ ਤੇ ਨਾਰੀਅਲ ਦੇ ਤੇਲ ਦੀ ਮਾਲਸ਼ ਕਰਨ ਨਾਲ ਉਹਨਾਂ ਦੀ ਕੁਦਰਤੀ ਚਮਕ ਵਧਦੀ ਹੈ।

* ਨਹੁੰਆਂ ਦੀ ਚਮਕ ਵਧਾਉਣ ਲਈ ਉਹਨਾਂ ਨੂੰ ਕੁਝ ਦੇਰ ਨਿੰਬੂ ਦੇ ਰਸ ਵਿਚ ਡਬੋਕੇ ਰੱਖੋ।

KIWI PUNJABI SPORTS & CULTURAL CLUB INC.

PRESENTS

# ਬਠਿੰਡਾ ਜੰਕਸ਼ਨ

# VAISAKHI CULTURAL FESTIVAL 2024



Parminder Sidhu | Neetu Nadha | Jasmeen Chotian | Balbir Chotian | Amandeep | Harinder Sandhu | Hardev Mahinangal

**FREE ENTRY, PARKING**
**Food Stalls will be there**

## SUN, 21 APRIL 2024 - 6:30PM

**VEDIC CENTRE**

**32 GLASGOW AVE, PAPATOETOE, AUCKLAND**

ਭੰਗੜਾ ਅਤੇ ਰੰਗਾ-ਰੰਗ ਪ੍ਰੋਗਰਾਮ

MUSIC DIRECTOR TARUN RISHI FROM INDIA
DHOLAK PLAYER JARNAIL SINGH (India)

Catering by: Chill Out Indian Restaurant & Bar

**Sponsored by: Dr. Mohinderpal Singh, Inderjit Singh Kalkat, Karnail Badhan JP, (Zyka Homes), Amanpreet Singh (Super Liquor Pukekohe)**

Thirsty Liquor, Mahindra Rise, Harcourts Topline, Rubal Singh Real Estate, DH Supermarket, Professional Financial Solutions Group, Mehak E Wattan .com, Sparkles Jewellers, DJ Desi, Travel Point, HOCD, Chill Out Indian Restaurant & Bar, Kwality Mini Bazaar, Kiwi Car Repairs, iSIGNS Design - Print - Signage 0800 03 03 99, Ardass Travel, NZ Punjabi News, Saada Aala, Kuk Punjabi Samachar, Punjabi Herald, NZ Tasveer, Radio Spice, Planet FM 104.6, Daily Khabar


For More Information Please Contact:
Hardev Brar (Chairman) - 027 442 7338, Hardev Mahinangal (President) - 021 0261 2568

# WHITE ROSE BUILDERS

*We do not build houses, We create homes...*

## *Proudly Celebrating*

## 20 Years in Business



# DREAMLINE HOMES

Turning dreams into reality

- Free Design*
- New Homes
- Design & Build
- Sub Division
- Additions
- Alterations
- Renovations
- Residential
- Commercial

- Fixed Price Contract - On Time Completion - No Hidden Costs

LICENSED BUILDING PRACTITIONER www.dbh.govt.nz BUILDING CONFIDENCE

New Zealand Certified Builders Association NZCB 20 Years of Turning Dreams Into Reality

Halo 10 YEAR RESIDENTIAL GUARANTEE INSURANCE

138P, Plunket Ave, P O Box 76-879 Manukau-2241, New Zealand

+64 9 271 3162 +64 274 483 758 info@dreamline.co.nz www.dreamline.co.nz

100% NZ OWNED & OPERATED